੧ ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: ੮

# ਸਿੱਖਾਂ ਵਿਚ ਇੰਤਸ਼ਾਰ

# DISUNITY AMONG SIKHS

(ਖਾਲਸਾ ਪੰਥ ਦਾ ਕਾਲਾ ਇਤਿਹਾਸ)

ਜਨਵਰੀ ੧੯੮੩


ਲੇਖਕ

ਮੋਹਣ ਸਿੰਘ

18, Boulevard Road, Baraf Khana Chowk

National Cold Storage Bldg.

Subzi Mandi—DELHI-110054 Phone : 225891 P.P.


ਮੁਲ : ੭੫ ਪੈਸੇ

---

ਆਪ ਪੜੋ ਤੇ ਹੋਰਾਂ ਨੂੰ ਪੜ੍ਹਾਓ—ਖਰਚੇ ਲਈ ਹੱਥ ਵਟਾਓ ਜੋ ਸੰਗਤਾਂ ਵਿਚ ਵੰਡਣ ਲਈ ੭੦ ਰੁਪਏ ਸੈਂਕੜਾਂ (ਲਾਗਤ ਕੀਮਤ)


Digitized by Panjab Digital Library | www.panjabdigilib.org

# ਦੋ ਸ਼ਬਦ

ਅਜ ਕਲ ਦੇ ਸਿੱਖ ਨੌਜਵਾਨ ਜਿਨ੍ਹਾਂ ਦੀ ਉਮਰ ੩੫/੪੦ ਵਰਸ਼ ਹੈ ਉਹ ਦੇਸ਼ ਦੇ ਵਿਭਾਜਨ ਵੇਲੇ ਦੇ ਪੈਦਾ ਹੋਏ ਹਨ । ਉਨ੍ਹਾਂ ਨੂੰ ਖਾਲਸਾ ਪੰਥ ਦੀ ਪਹਿਲੀ ਅਤੇ ਬਾਅਦ ਦੀ ਹਾਲਤ ਬਾਰੇ ਤਕ਼ਰੀਬਨ ਆਮ ਕਰਕੇ ਬਹੁਤ ਘਟ ਵਾਕਫ਼ੀ ਹੈ । ਭਾਵੇਂ ਉਹ ਪੜ੍ਹੇ ਲਿਖੇ B.A., **M.A.** ਹਨ, ਬਾਰੋਜ਼ਗਾਰ ਹਨ, ਤੇ ਘਰੋਂ ਸੌਖੇ ਵੀ ਹਨ । ਗੁਰਸਿਖ ਘਰਾਣਿਆਂ ਵਿਚ ਜੰਮ ਪਲ ਹੋਣ ਕਰਕੇ ਪੰਥਕ ਜਜ਼ਬਾ ਵੀ ਉਨ੍ਹਾਂ ਦੀ ਰਗਾਂ ਵਿਚ ਹੈ, ਪਰ ਆਪਣੇ ਹਾਲਾਤ ਦੀ ਜਾਣਕਾਰੀ ਨ ਹੋਣ ਕਰਕੇ Bewilderness ਵਿਚ ਕਦੀ ਕਿਸੇ ਚਾਲਾਕ ਆਗੂ ਦਾ ਲੜ ਫੜ ਲੈਂਦੇ ਹਨ । ਕਦੀ ਕਿਸੇ ਹੋਰ ਪਿਛੇ ਤੁਰ ਪੈਂਦੇ ਹਨ ।

ਦਾਸ ਲੇਖਕ ਨੇ ਪਾਰਟੀਸ਼ਨ ਤੋਂ ਬਾਅਦ ਪੰਥਕ ਸਿਆਸਤ ਵਿਚ ਰਹਿਣ ਕਰਕੇ ਅਤੇ ਸ੍ਰ: ਮਾਸਟਰ ਤਾਰਾ ਸਿੰਘ ਜੀ ਦੇ ਨਿਕਟਵਰਤੀਆਂ ਵਿਚੋਂ ਹੋਣ ਕਰਕੇ ਜੋ ਜੋ ਤ੍ਰੁਟੀਆਂ, ਖ਼ਾਮੀਆਂ, ਨਾ-ਸਮਝੀਆਂ ਖ਼ੁਦਗਰਜ਼ੀਆਂ ਅਤੇ ਗ਼ਦਾਰੀਆਂ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਕਰਕੇ ਖਾਲਸਾ ਪੰਥ ਜ਼ਬਰਦਸਤ ਘੁੰਮਣ-ਘੇਰੀ ਵਿਚ ਪਾ ਦਿਤਾ ਗਿਆ ਹੈ, ਦੀ ਹੂ-ਬਹੂ ਹਕੀਕਤ ਬਿਆਨੀ ਇਸ ਕਿਤਾਬਚੇ ਵਿਚ ਕੀਤੀ ਹੈ । ਮੇਰਾ ਕੇਵਲ ਮਕਸਦ ਇਹ ਹੈ ਕਿ ਜਿਨ੍ਹਾਂ ਤੋਂ ਸਿਖਿਆ ਲੈ ਕੇ ਆਪਣੇ ਆਪ ਨੂੰ ਸੁਧਾਰ ਸਕੀਏ ਅਤੇ ਅਗੋਂ ਸਿਧੇ ਗੁਰਮਤੀ ਰਸਤੇ ਪੈ ਸਕੀਏ ।

**ਭੁਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਂਦੇ ਮਾਰਗਿ ਪਾਏ ॥**

(੧੦੩੨)

੧੮-੧-੯੩ ਮੋਹਣ ਸਿੰਘ

Digitized by Panjab Digital Library | www.panjabdigilib.org

# ਸਿੱਖਾਂ ਵਿਚ ਇੰਤਸ਼ਾਰ (ਖੇਰੂੰ ਖੇਰੂੰ)

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜਦੋਂ ਸੰਸਾਰ ਵਿਚ ਕਲਜੁਗੀ ਜੀਵਾਂ ਦੇ ਉਧਾਰ ਹਿੱਤ ਪ੍ਰਗਟ ਹੋਏ ਤਾਂ ਉਨ੍ਹਾਂ ਨੇ ਸਿੱਖੀ ਮਾਰਗ ਦਾ ਆਰੰਭ ਕੀਤਾ। ਜੋ ਜੋ ਲੋਕ ਸਤਿਗੁਰੂ ਜੀ ਮਹਾਰਾਜ ਦੇ ਉਪਦੇਸ਼ਾਂ ਨਾਲ ਪ੍ਰਭਾਵਤ ਹੁੰਦੇ ਗਏ। ਉਹ ਇਸ ਮਾਰਗ ਵਿਚ ਆ ਕੇ ਜੁੜਦੇ ਗਏ। ਸਿੱਖੀ ਮਾਰਗ ਇਕ ਨਿਰੋਲ ਭਗਤੀ ਮਾਰਗ, ਸਚਾਈ ਤੇ ਪਵਿੱਤ੍ਰਤਾ ਦਾ ਮਾਰਗ ਹੈ। ਇਸ ਤੋਂ ਦੂਜਾ ਮਾਰਗ ਹੈ, ਆਮ ਸੰਸਾਰੀਆਂ ਦਾ, ਜਿਸ ਨੂੰ ਗੁਰਬਾਣੀ ਵਿਚ ਦੂਜਾ ਭਾਵ ਕਿਹਾ ਗਿਆ ਹੈ। ਇਨ੍ਹਾਂ ਦੋਹਾਂ ਮਾਰਗਾਂ ਦਾ ਆਪਸ ਵਿਚ ਜੋੜ ਕੁਦਰਤੀ ਤੌਰ ਤੇ ਕਦੀ ਹੋ ਹੀ ਨਹੀਂ ਸਕਦਾ :—

**"ਭਗਤਾਂ ਤੇ ਸੈਸਾਰੀਆਂ ਜੋੜ ਕਦੇ ਨ ਆਇਆ ॥"** (ਵਾਰ ਮਾਝ)

ਜ਼ਰੂਰੀ ਗੱਲ ਹੈ, ਕਿ ਰਾਜੇ ਸ਼ਾਸਨਕਾਰ ਵੀ ਸੰਸਾਰੀ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਮੁਗਲ ਬਾਦਸ਼ਾਹ ਬਾਬਰ ਇਸ ਦੇਸ਼ ਵਿਚ ਆਇਆ। ਉਸ ਨੇ ਆਂਦਿਆਂ ਹੀ ਜੋ ਜ਼ੁਲਮ ਜਨਤਾ ਤੇ ਢਾਏ। ਐਮਨਾ ਬਾਦ ਤੇ ਹੋਰ ਥਾਵਾਂ ਤੇ ਕਤਲਾਮ ਕੀਤੇ, ਬਾਬਾ ਨਾਨਕ ਜੀ ਨੇ ਉਸ ਨੂੰ ਮੂੰਹ ਉਤੇ **'ਜਾਬਰ'** ਕਿਹਾ। ਬਾਬਰ ਤਾਂ ਗੁਰੂ ਮਹਾਰਾਜ ਜੀ ਦੀ ਅਜ਼ਮਤ ਦਾ ਕਾਇਲ ਹੋ ਗਿਆ। ਬਾਬਰ ਨੇ ਕੁਲ ਚਾਰ ਸਾਲ ਹੀ ਦਿਲੀ ਦੇ ਤਖ਼ਤ ਤੇ ਰਾਜ ਕੀਤਾ। ਫਿਰ ਉਸ ਦਾ ਬੇਟਾ ਹੁਮਾਯੂੰ ਆਇਆ। ਉਸ ਸਮੇਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਰਾ ਸੀ। ਹੁਮਾਯੂੰ ਨੇ ਵੀ ਖਡੂਰ ਸਾਹਿਬ ਆ ਕੇ ਗੁਰੂ ਪਾਤਸ਼ਾਹ ਤੇ ਰੁਅਬ ਪਾਣਾ ਚਾਹਿਆ, ਪਰ ਨਿਰਵੈਰ ਸਤਿਗੁਰੂ ਦੇ ਕਟਾਖਸ਼ ਅਗੇ ਨਾ ਟਿਕ ਸਕਿਆ। ਫਿਰ ਅਕਬਰ ਬਾਦਸ਼ਾਹ ਦੇਸ਼ ਦਾ ਰਾਜਾ ਬਣਿਆ, ਉਹ ਕੁਝ ਹੋਰ ਬ੍ਰਿਤੀ ਦਾ ਹਾਮਲ ਸੀ, ਇਸ ਲਈ ਉਸ ਦੇ ਸਮੇਂ ਕੋਈ ਅਜਿਹੀ ਘਟਨਾ ਨਹੀਂ ਹੋਈ। ਪਰ ਅਗੋਂ ਜਹਾਂਗੀਰ ਤਾਂ ਗੁਰੂ ਘਰ ਅਤੇ ਸਿੱਖੀ ਦੀ ਚੜ੍ਹਦੀ ਕਲਾ ਦੇਖ ਕੇ ਲੋਹ-ਲਾਖਾ ਹੀ ਰਿਹਾ। ਉਸ ਆਪ ਲਿਖਿਆ ਹੈ ਕਿ "ਮੈਂ ਇਸ ਝੂਠ ਦੀ ਦੁਕਾਨ ਨੂੰ ਜੋ ਕਈ ਪੁਸ਼ਤਾਂ ਤੋਂ ਚਲੀ ਆ ਰਹੀ ਹੈ, ਬਿਲਕੁਲ ਬੰਦ ਕਰ ਦੇਣਾ ਚਾਹੁੰਦਾ ਹਾਂ।" ਉਸੇ ਦੇ ਹੁਕਮ ਨਾਲ



Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭਾਰੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਅਗੇ ਪੰਜਵੇਂ ਮੁਗਲ ਬਾਦਸ਼ਾਹ ਸ਼ਾਹਜਹਾਨ ਦੇ ਵੇਲੇ ਵੀ ਇਹੋ ਹੀ ਖੁਣਸ ਸਿੱਖੀ ਨਾਲ ਰਹੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਮਹਾਰਾਜ ਨੇ ਪੈਂਤਰਾਂ ਬਦਲਿਆ ਤੇ ਸਿੱਖਾਂ ਵਿਚ ਬੀਰਤਾ ਭਰ ਕੇ ਸਿੱਖੀ ਨੂੰ ਹੋਰ ਸ਼ਕਤੀ ਸ਼ਾਲੀ ਬਣਾਇਆ ਅਤੇ ਚਾਰ ਭਰਪੂਰ ਲੜਾਈਆਂ ਸ਼ਾਹਜਹਾਨ ਬਾਦਸ਼ਾਹ ਦੇ ਵੇਲੇ ਛੇਵੇਂ ਪਾਤਸ਼ਾਹ ਨਾਲ ਹੋਈਆਂ। ਅਗੇ ਔਰੰਗਜ਼ੇਬ ਨੇ ਸਿੱਖਾਂ ਦਾ ਖੁਰਾ ਖੋਜ ਹੀ ਮਿਟਾਣਾ ਚਾਹਿਆ, ਪਰ ਉਸ ਵੇਲੇ ਤਕ ਸਿੱਖੀ ਇਤਨੀ ਮਹਾਨ ਪ੍ਰਬਲ ਹੋ ਚੁਕੀ ਸੀ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਵਿਚ ਭਾਵੇਂ ਕੁਰਬਾਨੀਆਂ ਬੇਬਹਾ ਹੋਈਆਂ, ਪਰ ਔਰੰਗਜ਼ੇਬੀ ਰਾਜ ਤੇ ਮੁਗਲ ਸਾਮਰਾਜ ਨੂੰ ਤਹਸ-ਨਹਸ ਕਰਕੇ ਰਖ ਦਿਤਾ ਗਿਆ। ਔਰੰਗਜ਼ੇਬ ਤੋਂ ਮਗਰੋਂ ਵੀ ਜੋ ਹੁਕਮਰਾਨ ਆਏ, ਉਨ੍ਹਾਂ ਵੀ ਆਪਣੀ ਵਾਹ ਲਾਈ ਕਿ ਸਿੱਖੀ ਨੂੰ ਮੁਕਾ ਦਿਤਾ ਜਾਏ, ਪਰ ਸਿੱਖੀ ਗੁਰੂ ਮਹਾਰਾਜ ਦੇ ਦਸੇ ਹੋਏ ਮਾਰਗ ਤੇ ਚਲਦੀ ਹੋਈ ਪੂਰਨ ਸਿਦਕ ਤੇ ਭਰੋਸੇ ਨਾਲ ਲੜਦੀ-ਭਿੜਦੀ, ਮਾਰਦੀ-ਮਰਦੀ ਉਭਰਦੀ ਚਲੀ ਗਈ। ਜੋ ਵੀ ਇਸ ਦੇ ਅਗੇ ਅੜਿਆ ਸੋ ਝੜਿਆ। ਸਿੱਖੀ ਦੀਆਂ ਸਫਾਂ ਵਿਚ ਕੋਈ ਤ੍ਰੇੜ ਨਹੀਂ ਪਾ ਸਕਿਆ।

ਸੰਨ ੧੭੩੪ ਵਿਚ ਨਵਾਬ ਜ਼ਿਕਰੀਆ ਖ਼ਾਨ ਨੇ ਨਵਾਬੀ ਤੇ ਖਿਲਅਤ ਆਦਿ ਭੇਜ ਕੇ ਖਾਲਸੇ ਨਾਲ ਸੁਲਾਹ ਕਰਨ ਲਈ ਸੋਚਿਆ। ਪੰਥ ਨੇ ਪਹਿਲਾਂ ਤਾਂ ਨਵਾਬੀ ਲੈਣ ਤੋਂ ਸਿਧਾ ਇਨਕਾਰ ਕਰ ਦਿਤਾ, ਪਰ ਫਿਰ ਭਾਈ ਸੁਬੇਗ ਸਿੰਘ ਜੀ ਦੀ ਵਿਚਾਰ ਤੇ ਸਮਝਾਣ ਨਾਲ ਕਿ ਨਵਾਬੀ ਪੰਥ ਨੇ ਮੰਗੀ ਤੇ ਨਹੀਂ। ਸੂਬਾ ਲਾਹੌਰ ਨੇ ਸਿੰਘਾਂ ਦੀ ਸ਼ਕਤੀ ਅਗੇ ਝੁਕ ਕੇ ਭੇਟਾ ਦੇ ਤੌਰ ਤੇ ਭੇਜੀ ਹੈ। ਇਸ ਵਿਚ ਪੰਥ ਦਾ ਮਹਾਨ ਗੌਰਵ ਹੈ। ਨਵਾਬੀ ਪੰਥ ਨੇ ਰਖ ਤਾਂ ਲਈ, ਪਰ ਨਵਾਬ ਬਣੇ ਕੌਣ। ਸਾਰਿਆਂ ਸਰਦਾਰ ਆਗੂਆਂ ਨੇ ਨਾਂਹ ਕਰ ਦਿਤੀ। (ਅਜ ਵਾਂਗ ਕਿਸੇ ਨੇ ਵੀ ਆਪਣੀ ਕਿਸੇ ਸੇਵਾ ਦਾ ਮਾਣ ਕਰਕੇ ਆਪਣਾ ਹੱਕ ਨਹੀਂ ਜਤਾਇਆ ਅਤੇ ਨਾ ਹੀ ਇਕ ਦੂਜੇ ਦੀ ਲੱਤ ਖਿਚ ਕੇ ਆਪਣਾ ਮੂਹ ਅਗੇ ਕਰਕੇ ਨਵਾਬੀ ਨੂੰ ਹਥਿਆਣ ਦੀ ਕੀਤੀ, ਇਸ ਪਾਸੇ ਉਨ੍ਹਾਂ ਸਿੰਘਾਂ ਦੀ ਬ੍ਰਿਤੀ ਹੀ ਨਹੀਂ ਸੀ)। ਅੰਤ ਨੂੰ ਭਾਈ ਕਪੂਰ ਸਿੰਘ ਜੋ ਪਖੇ ਦੀ ਸੇਵਾ ਕਰ ਰਿਹਾ ਸੀ, ਉਸ ਦੇ ਗਲ ਮੜੀ। ਕਪੂਰ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ :—



Digitized by Panjab Digital Library | www.panjabdigilib.org

## "ਗਦਾਏ ਕੂਏ ਤੁਰਾ ਮੈਲਿ ਬਾਦਸ਼ਾਹੀ ਨੇਸਤ"

(ਭਾਈ ਨੰਦ ਲਾਲ ਜੀ ਗੋਇਆ)

ਉਸ ਨੇ ਜੋਦੜੀ ਕੀਤੀ, ਕਿ ਪੰਥ ਦਾ ਹੁਕਮ ਤਾਂ ਸਿਰ ਮਥੇ ਤੇ ਪਰ ਦਾਸ ਪਾਸੋਂ ਪਖੇ ਦੀ ਸੇਵਾ ਅਤੇ ਝਾੜੂ-ਸਫਾਈ ਦੀ ਸੇਵਾ ਨਾ ਖੋਹੀ ਆਏ। ਨਵਾਬ ਕਪੂਰ ਸਿੰਘ ਨਵਾਬ ਤਾਂ ਬਣ ਗਿਆ ਅਤੇ ਆਪਣੇ ਖੇਤਰ (ਜਿਸ ਦਾ ਨਵਾਬ ਸੀ) ਨੂੰ ਵੀ ਖੂਬ ਸੁਧਾਰਿਆ ਅਤੇ ਲੋਕਾਂ ਵਿਚ ਸਾਹਸ ਤੇ ਪਿਆਰ ਪੈਦਾ ਕੀਤਾ। ਖੂਬ ਗਜ-ਵਜਕੇ ਨਵਾਬੀ ਚਲਾਈ ਸਿੱਖੀ ਦਾ ਭਾਰੀ ਪ੍ਰਚਾਰ ਕੀਤਾ। ਨਵਾਬ ਹੁੰਦਿਆਂ ਹੋਇਆਂ ਵੀ ਪੰਥ ਦੀ ਹੱਥੀ ਸੇਵਾ ਕਦੀ ਨਹੀਂ ਜਾਣ ਦਿਤੀ।*

ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਨੂੰ ਮਿਟਾਣ ਲਈ ਪੂਰਾ ਟਿਲ ਲਾਇਆ, ਉਸ ਭਾਰਤ ਉਤੇ ਕਈ ਹਮਲੇ ਕੀਤੇ, ਦੇਸ਼ ਵਿਚ ਕਾਫੀ ਲੁਟ ਮਾਰ ਕੀਤੀ, ਪਰ ਸਿੱਖਾਂ ਦੀ ਵੱਧਦੀ ਤਾਕਤ ਅਗੇ ਉਹ ਵੀ ਮਾਂਦ ਪੈ ਗਿਆ ਤੇ ਬੇ-ਨੀਲ-ਓ-ਮਰਾਮ ਕਾਬਲ ਵਾਪਸ ਮੁੜ ਗਿਆ ਤੇ ਕੁਝ ਸਮੇਂ ਬਾਦ ਉਸ ਦੀ ਮੌਤ ਹੋ ਗਈ।

ਸਿੱਖਾਂ ਦੀ ਤਾਕਤ ਇਤਨੀ ਵਧੀ ਕਿ ਮਹਾਰਾਜਾ ਰਣਜੀਤ ਸਿੰਘ ਦੀ

---

* ਯਾਦ ਰਹੇ ਕਿ ਉਸ ਵੇਲੇ ਜੋ ਨਵਾਬੀ ਆਈ ਸੀ, ਉਹ ਕਿਸੇ ਵਿਅਕਤੀ ਗਤ ਲਈ ਨਹੀਂ ਸੀ, ਉਹ ਤਾਂ ਸਮੁਚੇ ਪੰਥ ਲਈ ਭੇਜੀ ਗਈ ਸੀ। ਫਿਰ ਅੱਗੋਂ ਪੰਥ ਨੇ ਆਪਣੀ ਖੁਸ਼ੀ ਨਾਲ ਜਿਸ ਨੂੰ ਚਾਹੀ ਦੇ ਦਿਤੀ। ਉਸ ਦਾ ਲਾਭ ਸਾਰੇ ਪੰਥ ਨੂੰ ਹੋਇਆ ਸੀ। ਅਜ-ਕਲ੍ਹ ਜੋ ਮੈਂਬਰੀਆਂ, ਵਜ਼ੀਰੀਆਂ, ਸਪਕੀਰੀਆਂ, ਗਵਰਨੀਰਆਂ ਜਾਂ ਹੋਰ ਵਧੇਰੀਆਂ ਪਦਵੀਆਂ ਜੋ ਸਰਕਾਰੋਂ ਸਿੱਖਾਂ ਨੂੰ ਹੁਣ ਤਕ ਮਿਲੀਆਂ ਹਨ ਜਾਂ ਅਗੋਂ ਮਿਲ ਰਹੀਆਂ ਹਨ। ਉਹ ਦੇਣ ਵਾਲਿਆਂ ਵਲੋਂ ਪੰਥ ਨੂੰ ਨਹੀਂ ਦਿਤੀਆਂ ਜਾ ਰਹੀਆਂ, ਬਲਕਿ ਵਿਅਕਤੀਗਤ ਤੌਰ ਤੇ ਜਿਸ ਕਿਸੇ ਨੂੰ ਸਰਕਾਰ ਆਪਣਾ ਸਮਝਦੀ ਹੈ, ਉਸ ਨੂੰ ਦੇਂਦੀ ਹੈ। ਇਸ ਲਈ ਇਨ੍ਹਾਂ ਪਦਵੀਆਂ ਦਾ ਫਾਇਦਾ ਹੁਣ ਤਕ ਨਾ ਪੰਥ ਨੂੰ ਪਹੁੰਚਿਆ ਹੈ ਤੇ ਨਾ ਹੀ ਅਗੋਂ ਪਹੁੰਚ ਸਕਦਾ ਹੈ। ਹਾਂ ਉਨ੍ਹਾਂ ਸਿੱਖ ਵਿਅਕਤੀਆਂ ਦੀ ਨਿੱਜੀ ਤੌਰ ਤੇ ਪ੍ਰਤਿਸ਼ਠਤਾ ਤੇ ਦੁਨਿਆਵੀ ਸ਼ਾਨ ਜ਼ਰੂਰ ਉਚੀ ਹੋ ਜਾਂਦੀ ਹੈ ਤੇ ਉਹ ਆਪਣੀ ਗਰਦਨ ਅਕੜਾ ਕੇ ਦੂਜਿਆਂ ਤੇ ਰੁਅਬ ਪਾਣ ਜੋਗੇ ਅਤੇ ਸਟੇਜਾਂ ਤੇ ਫੂਲਾਂ ਦੇ ਹਾਰ ਪਵਾਣ ਜੋਗੇ ਜ਼ਰੂਰ ਹੋ ਜਾਂਦੇ ਹਨ। ਕੀ ਕਿਸੇ ਅਜੋਕੇ ਪਦਵੀਦਾਰ ਸਿੱਖ ਨੇ ਨਵਾਬ ਕਪੂਰ ਸਿੰਘ ਵਾਂਗ ਪਦਵੀ ਦੇ ਹੁੰਦਿਆਂ, ਕਦੀ ਪੰਥ ਦੀ ਸੇਵਾ ਜਾਂ ਹੋਰ ਸੰਗਤ ਦੀ ਸੇਵਾ ਆਪਣੀ ਹੱਥੀ ਕੀਤੀ ਹੈ ਜਾਂ ਉਸ ਨਵਾਬ ਵਾਂਗ ਅੰਮ੍ਰਿਤ-ਪ੍ਰਚਾਰ ਵਿਚ ਸ਼ਾਮਲ ਹੋਇਆ ?



Digitized by Panjab Digital Library | www.panjabdigilib.org

ਸਰਦਾਰੀ ਹੇਠ ਖਾਲਸਾ ਰਾਜ ਕਾਇਮ ਕੀਤਾ ਗਿਆ, ਜਿਹੜਾ ਮਹਾਨ ਸ਼ਕਤੀ ਸ਼ਾਲੀ ਅਤੇ ਸਾਰੀ ਪਰਜਾ ਦਾ ਸਾਂਝਾਂ ਤੇ ਸੁਲਹ-ਕੁਲ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਤਰ-ਪੱਛਮੀ ਦਰਰੇ, ਜਿਧਰੋਂ ਲੁਟੇਰੇ ਆ ਆ ਕੇ ਭਾਰਤ ਨੂੰ ਲੁਟਦੇ ਰਹੇ, ਸਦਾ ਲਈ ਬੰਦ ਕਰ ਦਿਤੇ। ਉਧਰ ਅੰਗਰੇਜ਼ ਵੀ ਦੱਖਣ, ਬੰਗਾਲ ਤੇ ਦਿਲੀ ਤਕ ਭਾਰਤ ਤੇ ਕਾਬਜ਼ ਹੋ ਚੁਕੇ ਸਨ, ਪਰ ਮਹਾਰਾਜਾ ਸਾਹਿਬ ਦੇ ਜੀਂਦੇ ਜੀਅ ਪੰਜਾਬ ਵਿਚ ਪੈਰ ਪਾਣ ਦਾ ਹੌਂਸਲਾ ਨਹੀਂ ਕਰ ਸਕੇ। ਇਹ ਜਨਤਾ ਦਾ ਪਿਆਰਾ ਰਾਜ ੪੦ ਸਾਲ ਤਕ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਡੋਗਰਾ ਗਰਦੀ ਨੇ ਸਿਰ ਚੁਕਿਆ ਅਤੇ ਪੰਜਾਬ ਵਿਚ ਖ਼ਾਨਾ-ਜੰਗੀ ਪੈਦਾ ਕਰਕੇ, ਸਿੱਖ ਰਾਜ ਦਾ ਭੋਗ ਪਾ ਦਿਤਾ। ਉਸ ਤੋਂ ਬਾਦ ਅੰਗਰੇਜ਼ੀ ਰਾਜ ਸਾਰੇ ਭਾਰਤ ਤੇ ਛਾ ਗਿਆ ਅਤੇ ਦੇਸ਼ ਮੁੜ ਗ਼ੁਲਾਮ ਹੋ ਗਿਆ।

ਅੰਗਰੇਜ਼ ਨੂੰ ਰਾਜ ਪਲੇਟ ਵਿਚ ਪਰੋਸਕੇ ਕਿਸੇ ਨਹੀਂ ਸੀ ਦਿਤਾ। ਪੰਜਾਬ ਦੀਆਂ ਬਹਾਦਰ ਸਿੱਖ ਫੌਜਾਂ ਨੇ ਅੰਗਰੇਜ਼ਾਂ ਨੂੰ ਦੋ ਮਸ਼ਹੂਰ ਲੜਾਈਆਂ, ਇਕ ਮੁਟਕੀ ਤੇ ਦੂਜੀ ਫਿਰੋਜ਼ਸ਼ਾਹ ਵਿਚ ਸਖਤ ਕਰਾਰੀ ਹਾਰ ਦਿਤੀ। ਅੰਗਰੇਜ਼ਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ, ਖ਼ੂਬ ਮਾਰ ਖਾਧੀ, ਤੋਬਾ ਤੋਬਾ ਕਰਕੇ ਭਜ ਉਠੇ।

**"ਸ਼ਾਹ ਮੁਹਮਦਾ ਖਾਲਸੇ ਫਰੰਗੀਆਂ ਦੇ**
**ਵਾਂਗ ਨਿੰਬੂਆਂ ਲਹੂ ਨਚੋੜ ਸੁਟੇ"**

ਤੀਜੀ ਵਾਰ ਅੰਗਰੇਜ਼ ਮੁੜ ਲੜਾਈ ਦੀ ਹਿੰਮਤ ਨਹੀਂ ਸਨ ਕਰਦੇ, ਪਰ ਗ਼ਦਾਰ ਡੋਗਰਿਆਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਮੁੜ ਉਨ੍ਹਾਂ ਨੂੰ ਉਕਸਾਇਆ, ਕਿ ਇਕ ਵਾਰ ਹੋਰ ਜ਼ਰੂਰ ਹਮਲਾ ਕਰੋ। ਅਸੀਂ (ਡੋਗਰੇ) ਤੁਹਾਡੀ ਮਦਦ ਕਰਾਂਗੇ। ਧਿਆਨ ਸਿੰਘ ਦੇ ਭਰਾ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦੀ ਮਹਾਰਾਜਗੀ ਅੰਗਰੇਜ਼ਾਂ ਪਾਸੋਂ ਮਨਜ਼ੂਰ ਕਰਵਾ ਲਈ। ਤੀਜੀ ਵਾਰੀ ਸਭਰਾਵਾਂ ਵਿਚ ਅੰਗਰੇਜ਼ਾਂ ਨੇ ਫੌਜਾਂ ਚਾਹੜੀਆਂ। ਸਿੰਘ ਫੌਜਾਂ ਨੇ ਫਿਰ ਡਟ ਕੇ ਮੁਕਾਬਲਾ ਕੀਤਾ। ਪਰ ਲਾਲ ਸਿੰਘ ਤੇ ਪਹਾੜਾ ਸਿੰਘ ਡੋਗਰਿਆਂ (ਨਕਲੀ ਸਿੱਖਾਂ) ਨੇ ਐਮੂਨੇਸ਼ਨ (ਬਾਰੂਦ) ਦੀ ਥਾਂ ਸਰ੍ਹੋਂ ਦੀਆਂ ਬੋਰੀਆਂ ਭਰਕੇ ਮੈਦਾਨੇ-ਜੰਗ ਭੇਜੀਆਂ। ਜਦ ਬਾਰੂਦ ਸਿਕਾ ਹੀ ਮੁਕ ਗਿਆ, ਹਥਿਆਰ ਵੀ ਬੇਕਾਰ ਹੋ ਗਏ। ਫਿਰ ਵੀ ਸਿੰਘਾਂ ਨੇ ਕ੍ਰਿਪਾਨਾਂ ਧੂ ਲਈਆਂ ਤੇ ਲਲਕਾਰੇ ਮਾਰਦੇ



Digitized by Panjab Digital Library | www.panjabdigilib.org

ਅੰਗਰੇਜ਼ਾਂ ਦੀਆਂ ਸਫਾਂ ਤੇ ਜਾ ਚੜ੍ਹੇ। ਕਾਫੀ ਹਿੰਮਤ ਕੀਤੀ, ਪਰ ਅੰਤ ਨੂੰ ਅੰਗਰੇਜ਼ ਗ਼ਾਲਬ ਆ ਗਿਆ ਤੇ ਪੰਜਾਬ ਤੇ ਕਾਬਜ਼ ਹੋ ਗਿਆ। ਸ: ਸ਼ਾਮ ਸਿੰਘ ਅਟਾਰੀ ਇਸੇ ਜੰਗ ਵਿਚ ਬੀਰਤਾ ਸਹਿਤ ਸ਼ਹੀਦ ਹੋਏ।

ਅੰਗਰੇਜ਼ ਭਾਰਤ ਦਾ ਸਮੁਚੇ ਤੌਰ ਤੇ ਮਾਲਕ ਤੇ ਬਣ ਗਿਆ, ਪਰ ਉਸ ਦੇ ਦਿਲ ਤੇ ਸਿੱਖ ਕੌਮ ਦੀ ਅਦੁਤੀ ਬਹਾਦਰੀ ਅਤੇ ਸ਼ਕਤੀ ਦੀ ਐਸੀ ਧਾਂਕ ਬੈਠ ਗਈ, ਕਿ ਅੰਗਰੇਜ਼ ਸਮਝ ਗਿਆ ਕਿ ਸਿੱਖਾਂ ਦੀ ਏਕਤਾ ਤੇ ਸ਼ਕਤੀ ਕਾਇਮ ਰਖ ਕੇ ਕੋਈ ਵੀ ਤਾਕਤ ਇਸ ਦੇਸ਼ ਤੇ ਰਾਜ ਕਰ ਹੀ ਨਹੀਂ ਸਕਦੀ।

ਅੰਗਰੇਜ਼ ਬੜਾ ਸ਼ਾਤਰ ਤੇ ਸਮਝਦਾਰ ਸੀ। ਉਹ ਸਿੱਖਾਂ ਦੀ ਸ਼ਕਤੀ ਨੂੰ ਆਪਣੇ ਰਾਜ ਲਈ ਵਰਤਣਾ ਵੀ ਚਾਹੁੰਦਾ ਸੀ ਤੇ ਉਨ੍ਹਾਂ ਨੂੰ ਆਪੋ ਵਿਚ ਬਿਖੇਰ ਕੇ ਵੀ ਰਖਣਾ ਚਾਹੁੰਦਾ ਸੀ। ਕਿਉਂਕਿ ਜੇ ਸਿੱਖ unite ਹੋ ਗਏ, ਬਸ ਫਿਰ ਰਾਜ ਹੋ ਨਹੀਂ ਸਕੇਗਾ। ਇਸ ਵਾਸਤੇ ਸਿੱਖਾਂ ਨੂੰ ਆਪਣੀ ਫੌਜ ਵਿਚ ਭਰਤੀ ਕਰਕੇ ਸ਼ਾਨਦਾਰ ਸਿੱਖ ਰਜਿਮੈਂਟਾਂ ਕਾਇਮ ਕੀਤੀਆਂ। ਉਸ ਨੂੰ ਇਹ ਵੀ ਪਤਾ ਸੀ ਕਿ ਸਿੱਖਾਂ ਨੂੰ ਇਹ ਬਰਕਤ ਤੇ ਸ਼ਕਤੀ ਉਨ੍ਹਾਂ ਦੇ ਪਿਆਰੇ ਧਰਮ ਤੋਂ ਮਿਲਦੀ ਹੈ। ਇਸ ਲਈ ਇਨ੍ਹਾਂ ਨੂੰ ਧਰਮ ਵਿਚ ਪਰਪਕ ਰਹਿਣ ਲਈ ਫੌਜ ਵਿਚ ਗੁਰਦਵਾਰੇ ਕਾਇਮ ਕੀਤੇ ਅਤੇ ਰਹਿਤ-ਬਹਿਤ ਵਿਚ ਪਕੇ ਹੋਣ ਦੀ ਤਾਕੀਦ ਕੀਤੀ।

ਪਹਿਲੇ ਸੰਸਾਰ ਯੁਧ (I World War 1914-1919) ਵਿਚ ਸਿੰਘਾਂ ਨੇ ਬੜੀ ਬਹਾਦਰੀ ਵਿਖਾਈ। ਬਸਰੇ ਤੇ ਬਗਦਾਦ ਤੀਕਣ ਸਿੱਖ ਫੌਜਾਂ ਨੇ ਬੜੇ ਕਾਰਨਾਮੇ ਕੀਤੇ ਅਤੇ ਅੰਗਰੇਜ਼ਾ ਨੂੰ ਜਿਤਾਇਆ। ਉਸ ਮਹਾਨ ਯੁਧ ਵਿਚ ਅੰਗਰੇਜ਼ਾਂ ਦੀ ਸਫਲਤਾ ਦਾ ਸੇਹਰਾ ਵਿਸ਼ੇਸ਼ ਕਰਕੇ ਸਿੱਖ ਫੌਜਾਂ ਤੇ ਸੀ। ਲੜਾਈ ਤੋਂ ਬਾਦ ਸਿੱਖਾਂ ਨੂੰ ਬੜੇ-ਬੜੇ ਇਨਾਮ, ਤਮਗ਼ੇ, ਜਾਗੀਰਾਂ, ਮਰੱਬੇ ਅਤੇ ਸਰਦਾਰ ਬਹਾਦਰੀਆਂ ਦੇ ਖਿਤਾਬ ਆਦਿ ਦਿਤੇ ਗਏ।

ਤੇ ਦੂਜੇ ਪਾਸੇ ਇਹ ਵੀ ਖਿਆਲ ਰਖਿਆ ਜਾਂਦਾ ਰਿਹਾ, ਕਿ ਕਿਤੇ ਸਿੱਖ ਇਕਠੇ ਨਾ ਹੋ ਜਾਣ। ਜੇ ਇਨ੍ਹਾਂ ਦੀ ਤਾਕਤ ਵਿਚ ਏਕਤਾ ਆ ਗਈ, ਫਿਰ ਅੰਗਰੇਜ਼ ਸਮਝਦੇ ਸਨ, ਕਿ ਉਨ੍ਹਾਂ ਦਾ ਬਿਸਤਰਾ ਗੋਲ। ਇਸ ਵਾਸਤੇ ਇਸ ਪਾਸੇ ਵੀ ਚੌਕੰਨੇ ਸਨ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਤੇ ਸਿੱਖ ਰਾਜ ਦੇ ਬਰਬਾਦ ਹੋ ਜਾਣ ਤੋਂ ਬਾਅਦ ਸਿੱਖਾਂ ਵਿਚ ਧਾਰਮਕ ਤੌਰ ਤੇ ਕੁਝ ਕਮਜ਼ੋਰੀ ਆਈ, ਪਰ



Digitized by Panjab Digital Library | www.panjabdigilib.org

ਛੇਤੀ ਹੀ ਸਿੰਘ ਸਭਾ ਲਹਿਰ ਦੇ ਕਾਇਮ ਹੋ ਜਾਣ ਨਾਲ ਫਿਰ ਧਰਮ ਪ੍ਰਚਾਰ ਜ਼ੋਰ ਸ਼ੋਰ ਨਾਲ ਚਲਿਆ ਤੇ ਮੁੜ ਸਿੱਖਾਂ ਵਿਚ ਇਤਫਾਕ ਤੇ ਪਿਆਰ ਵਧਣਾ ਸ਼ੁਰੂ ਹੋ ਗਿਆ। ੧੯੧੯ ਵਿਚ ਵੱਡੀ ਲੜਾਈ ਖਤਮ ਹੋ ਜਾਣ ਮਗਰੋਂ ਅੰਗਰੇਜ਼ਾਂ ਨੇ ਸਿੱਖਾਂ ਦੀਆਂ ਸਫਾਂ ਨੂੰ ਬਿਖੇਰਨ ਦਾ ਅੰਦਰ-ਖਾਨੇ ਕੰਮ ਸ਼ੁਰੂ ਕਰ ਦਿਤਾ।

ਉਸ ਸਮੇਂ ਵਡੇ-ਵਡੇ ਇਤਿਹਾਸਕ ਗੁਰਦਵਾਰੇ: ਭਾਵ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ ਅਤੇ ਅੰਮ੍ਰਿਤਸਰ, ਤਰਨ-ਤਾਰਨ ਆਦਿ ਦੇ ਗੁਰਦਵਾਰਿਆਂ ਦਾ ਪ੍ਰਬੰਧ ਮਹੰਤਾਂ ਦੇ ਹੱਥ ਚਲਿਆ ਆ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਮੇਂ ਇਨ੍ਹਾਂ ਵਡਿਆਂ ਗੁਰਦਵਾਰਿਆਂ ਨਾਲ ਭਾਰੀ ਜਾਗੀਰਾਂ ਤੇ ਮਰੱਬੇ ਲਵਾਏ, ਤਾਂ ਕਿ ਇਨ੍ਹਾਂ ਵਿਚ ਕਿਸੇ ਕਿਸਮ ਦੀ ਮਾਲੀ ਟੋਟ ਨਾ ਆਵੇ ਤੇ ਲੰਗਰ, ਯਾਤਰੂਆਂ ਦੀ ਸੇਵਾ ਸੰਭਾਲ ਆਦਿ ਦੇ ਕੰਮ ਭਲੀ ਪ੍ਰਕਾਰ ਚਲਦੇ ਰਹਿਣ। ਪਰ ਜਿਉਂ-ਜਿਉਂ ਸਮਾਂ ਲੰਘਦਾ ਗਿਆ, ਗੁਰਦਵਾਰਿਆਂ ਦੇ ਪ੍ਰਬੰਧਕ ਮਹੰਤਾਂ ਨੇ ਗੁਰਦਵਾਰਿਆਂ ਦੀ ਜਾਇਦਾਦ ਨੂੰ ਆਪਣੀ ਨਿਜੀ ਜਾਇਦਾਦ ਸਮਝਣਾ ਸ਼ੁਰੂ ਕਰ ਦਿਤਾ ਅਤੇ ਉਨ੍ਹਾਂ ਦੀ ਸਾਰੀ ਵਡੀ ਆਮਦਨ ਨੂੰ ਆਪਣੀ ਨਿਜੀ ਆਮਦਨ ਸਮਝ ਕੇ ਵਰਤਣ ਲਗ ਪਏ। ਇਤਨੀ ਭਾਰੀ ਆਮਦਨ ਨਾਲ ਉਨ੍ਹਾਂ ਦੇ ਦਿਮਾਗ ਬਿਚਲ ਗਏ ਤੇ ਉਹ ਐਸ਼-ਓ-ਇਸ਼ਰਤ ਕਰਨ ਲਗ ਪਏ। ਸ਼ਰਾਬਾਂ ਪੀਣੀਆਂ, ਦੁਰਾਚਾਰ ਕਰਨੇ, ਬਦਮਾਸ਼ੀਆਂ ਕਰਨੀਆਂ ਆਦਿ ਸਾਰੇ ਐਬ ਉਨ੍ਹਾਂ ਵਿਚ ਆ ਗਏ। ਗੁਰਦਵਾਰਿਆਂ ਦਾ ਸਤਿਕਾਰ ਤੇ ਇਜ਼ਤ ਉਨ੍ਹਾਂ ਵਿਚ ਜ਼ਰਾ ਨਾ ਰਹੀ, ਆਏ ਗਏ ਯਾਤਰੂਆਂ ਨਾਲ ਬਦ-ਸਲੂਕੀ ਤੇ ਉਨ੍ਹਾਂ ਦੀਆਂ ਨੌਜਵਾਨ ਬਚੀਆਂ ਦੀ ਇਜ਼ਤ ਲੁਟੇ ਜਾਣ ਦੇ ਭਿਆਨਕ ਉਪਦ੍ਰਵ ਖੁਮਲ-ਖੁਲਾ ਹੋਣ ਲਗ ਪਏ। ਮਹੰਤਾਂ ਦੀਆਂ ਇਹੋ ਜਿਹੀਆਂ ਕਰਤੂਤਾਂ ਦੀ ਭੈੜੀਆਂ ਸੋਆਂ ਜਦ ਪੰਥ ਦੇ ਉਘੇ ਸਿਦਕੀ ਤੇ ਸ਼ਰਧਾਲੂਆਂ ਨੇ ਸੁਣੀਆਂ ਤਾਂ ਸਾਰਿਆਂ ਦੇ ਖ਼ੂਨ ਖੌਲ ਉਠੇ ਅਤੇ ਸਾਰੇ ਸਿੰਘਾਂ ਨੇ ਮਹੰਤਾਂ ਦੀਆਂ ਕੁ-ਚਾਲਾਂ ਨੂੰ ਬੰਦ ਕਰਨ ਦਾ ਤੱਯੀਆ ਕਰ ਲਿਆ। ਪਹਿਲਾਂ ਮਹੰਤਾਂ ਨੂੰ ਸਮਝਾਇਆ ਗਿਆ, ਪਰ ਉਹ ਬਾਜ਼ ਨਾ ਆਏ। ਅੰਤ ਨੂੰ 1920 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੰਘਾਂ ਦਾ ਭਾਰੀ ਇਕਠ ਕਰਕੇ, ੧੭੫ ਤਿਆਰ-ਬਰ-ਤਿਆਰ ਸਿਦਕਵਾਨ ਗੁਰਸਿੱਖਾਂ ਦੀ ਇਕ ਕਮੇਟੀ ਬਣਾਈ ਗਈ ਅਤੇ "ਗੁਰਦਵਾਰਾ ਸੁਧਾਰ ਲਹਿਰ" ਦਾ ਆਰੰਭ ਕਰਾ ਦਿਤਾ ਗਿਆ। ਇਸ ਕਮੇਟੀ ਨੂੰ ਪਹਿਲੀ ਸ਼੍ਰੋ: ਗੁ: ਪ੍ਰ: ਕਮੇਟੀ ਆਖਿਆ ਜਾਂਦਾ ਹੈ।



Digitized by Panjab Digital Library | www.panjabdigilib.org

ਉਸ ਵੇਲੇ ਸਿੱਖਾਂ ਵਿਚ ਭਾਰੀ ਏਕਤਾ ਪਿਆਰ ਤੇ ਇਤਫਾਕ ਸੀ। ਆਮ ਸਿੱਖ ਸ਼ਹੀਦੀ ਕੁਰਬਾਨੀ ਲਈ ਸਰ-ਬ-ਕੱਫ ਸੀ ਅਤੇ ਜੋਸ਼ ਨਾਲ ਗਜਦਾ ਫਿਰਦਾ ਸੀ। ੫ ਮਾਰਚ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਭਾਰੀ ਦੀਵਾਨ ਰਖਿਆ ਗਿਆ, ਜਿਸ ਵਿਚ ਪੰਥ ਦੇ ਉਚੇ ਦਿਮਾਗ਼ ਵਾਲੇ ਸਿਆਣੇ ਆਗੂਆਂ ਨੇ ਸ਼ਾਮਲ ਹੋਣਾ ਸੀ।

ਇਸ ਸਮੇਂ ਅੰਗਰੇਜ਼ ਸਿੱਖਾਂ ਦੀ ਯੱਕ-ਜਹਿਤੀ ਤੇ ਇਤਫਾਕ ਨੂੰ ਦੇਖ ਕੇ ਘਬਰਾ ਗਿਆ, ਉਸ ਦਾ ਮਤਲਬ ਸੀ, ਕਿ ਜੇ ਗੁਰਦਵਾਰਾ ਸੁਧਾਰ ਲਹਿਰ ਕਾਮਯਾਬ ਹੋ ਗਈ ਤਾਂ ਸਿੰਘਾਂ ਦੇ ਹੱਥ ਗੁਰਦਵਾਰੇ ਆ ਜਾਣਗੇ ਤੇ ਸਿੱਖਾਂ ਦੀ ਤਾਕਤ ਤੇ ਏਕਤਾ ਵਧ ਜਾਏਗੀ। ਇਨ੍ਹਾਂ ਨੂੰ ਸਮ੍ਹਾਲਣਾ ਮੁਸ਼ਕਲ ਹੋ ਜਾਏਗਾ, ਇਸ ਵਾਸਤੇ ਅੰਗਰੇਜ਼ ਨੇ ਮਹੰਤਾਂ ਨੂੰ ਉਕਸਾਇਆ ਕਿ ਤਕੜੇ ਹੋ ਕੇ ਸਿੱਖਾਂ ਦਾ ਮੁਕਾਬਲਾ ਕਰੋ ਤੇ ਗੁਰਦਵਾਰਿਆਂ ਦੇ ਕਬਜ਼ੇ ਨਹੀਂ ਦੇਣੇ। ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਨੇ ਆਪਣੇ ਪਾਸ ਸੈਂਕੜੇ ਹਜ਼ਾਰਾਂ ਗੁੰਡੇ ਹਿੰਦੂ ਮੁਸਲਮਾਨ ਭਰਤੀ ਕਰ ਲਏ, ਹਥਿਆਰ ਵੀ ਭਾਰੀ ਗਿਣਤੀ ਵਿਚ ਖਰੀਦ ਕੇ ਜਮਾਂ ਕਰ ਲਏ। ਅੰਗਰੇਜ਼ ਦੀ ਸ਼ੈਹ ਤੇ ਉਹ ਡੱਟ ਗਿਆ ਅਤੇ ਉਸ ਇਰਾਦਾ ਕਰ ਲਿਆ, ਕਿ ਜਦੋਂ ਪੰਥ ਇਕਠਾ ਹੋਵੇ, ਸਾਰਿਆਂ ਨੂੰ ਭੁਨ ਦਿਤਾ ਜਾਵੇ ਅਤੇ ਤੇਲ ਪਾ ਕੇ ਸਾੜਨ ਲਈ ਤੇਲ ਦੇ ਪੀਪੇ ਵੀ ਜਮਾਂ ਕਰ ਲਏ।

ਨਿੱਯਤ ਤਾਰੀਖ ਤੋਂ ਪਹਿਲਾਂ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਸਰਦਾਰੀ ਹੇਠ ੨੧ ਫਰਵਰੀ ੧੯੨੧ ਨੂੰ ਨਨਕਾਣੇ ਸਾਹਿਬ ਪਹੁੰਚ ਕੇ ੨੦੦ ਸਿੰਘਾਂ ਨੇ ਮਹੰਤ ਨਰੈਣ ਦਾਸ ਹਥੋਂ ਸ਼ਹੀਦੀ ਪਾਈ। ਇਸੇ ਤਰ੍ਹਾਂ ੧੯੨੧ ਤੋਂ ੧੯੨੫ ਤਕ ਗੁ: ਸੁਧਾਰ ਲਹਿਰ ਵਿਚ ਅਨੇਕਾਂ ਥਾਵਾਂ ਤੇ ਸ਼ਹੀਦੀਆਂ ਪਾਈਆਂ। ਅੰਤ ਲਹਿਰ ਕਾਮਯਾਬ ਹੋਈ ਸਾਰੇ ਗੁਰਦਵਾਰੇ ਮਹੰਤਾਂ ਪਾਸੋਂ ਆਜ਼ਾਦ ਕਰਾ ਲਏ ਗਏ। ਸਿੰਘਾਂ ਦੀ ਇਸ ਮਹਾਨ ਸਫਲਤਾ ਨਾਲ ਅੰਗਰੇਜ਼ ਚਿੜ ਗਿਆ। ਫਿਰ ਉਸ ਨੇ ਸ਼੍ਰੋ: ਕਮੇਟੀ ਤੇ ਪ੍ਰਤਿਬੰਧ ਲਗਾ ਦਿਤਾ ਤੇ ਸਾਰੇ ਮੈਂਬਰ ਬੰਦੀ ਬਣਾ ਦਿਤੇ ਗਏ। ਦੇਸ਼ ਦੀ ਆਜ਼ਾਦੀ ਦਾ ਅੰਦੋਲਨ ਵੀ ਆਰੰਭ ਹੋ ਚੁਕਿਆ ਸੀ। ੧੩ ਅਪ੍ਰੈਲ ੧੯੧੯ ਨੂੰ ਜਲ੍ਹਿਆਂ ਵਾਲੇ ਬਾਗ਼ ਸ੍ਰੀ ਅੰਮ੍ਰਿਤਸਰ ਦਾ ਸਾਕਾ ਹੋ ਚੁਕਿਆ ਸੀ।

ਦੇਸ਼ ਆਜ਼ਾਦੀ ਦੇ ਅੰਦੋਲਨਕਾਰੀ ਵਡੇ ਆਗੂਆਂ ਭਾਵ ਮਹਾਤਮਾ ਗਾਂਧੀ, ਪੰਡਤ ਨਹਿਰੂ, ਪੰਡਤ ਮਦਨ ਮੋਹਨ ਮਾਲਵੀਆ ਆਦਿ ਨੇ ਗੁਰਦਵਾਰਾ ਸੁਧਾਰ



Digitized by Panjab Digital Library | www.panjabdigilib.org

ਲਹਿਰ ਵਿਚ ਸਿੰਘਾਂ ਦੀਆਂ ਬਹੁਮੁਲੀਆਂ ਕੁਰਬਾਨੀਆਂ ਦੀ ਦਾਦ ਦਿਤੀ ਅਤੇ ਇਸ ਲਹਿਰ ਨੂੰ ਦੇਸ਼ ਆਜ਼ਾਦੀ ਦੇ ਅੰਦੋਲਨ ਦਾ ਅੰਗ ਕਰਾਰ ਦਿਤਾ ਗਿਆ। ਪੰਡਤ ਮਦਨ ਮੋਹਨ ਮਾਲਵੀਆ ਜੀ ਤਾਂ ਇਤਨੇ ਪ੍ਰਭਾਵਤ ਹੋਏ, ਕਿ ਉਨ੍ਹਾਂ ਐਲਾਨ ਕਰ ਦਿਤਾ ਕਿ ਦੇਸ਼ ਵਿਚ ਹਰ ਹਿੰਦੂ ਘਰਾਨੇ ਵਿਚ ਕੋਈ ਨਾ ਕੋਈ ਬਚਾ ਸਿੱਖ ਹੋਣਾ ਚਾਹੀਦਾ ਹੈ। ਅੰਗਰੇਜ਼ ਦੀ ਬੜੀ ਹੇਠੀ ਹੋਈ ਤੇ ਅੰਗਰੇਜ਼ ਘਬਰਾ ਗਿਆ। ਆਖਰ ਸਿੱਖਾਂ ਵਿਚ ਇੰਤਸ਼ਾਰ ਪਾਣ ਲਈ ਉਸ ਨੇ ਫਰਵਰੀ ੧੯੨੬ ਨੂੰ ਗੁਰਦਵਾਰਾ ਐਕਟ ਪਾਸ ਕਰ ਦਿਤਾ। ਗੁ: ਐਕਟ ਦਾ ਖਰੜਾ ਤਾਂ ਜੇਲ੍ਹ ਵਿਚ ਬੈਠੇ ਕੁਝ ਨਰਮ ਬ੍ਰਿਤੀ ਵਾਲੇ ਪੜ੍ਹੇ-ਲਿਖੇ ਵਕੀਲ ਟਾਈਪ ਸਿੰਘਾਂ ਨੇ ਹੀ ਤਿਆਰ ਕੀਤਾ ਸੀ, ਪਰ ਇਸ ਦੇ ਪਾਸ ਹੁੰਦਿਆਂ ਹੀ ਦੁਧ ਵਿਚ ਕਾਂਝੀ ਵਾਂਗ ਪੰਥ ਦੋ ਫਾੜ ਹੋ ਗਿਆ। ਗੁ: ਐਕਟ ਅਧੇ ਨਾਲੋਂ ਘਟ ਮੈਂਬਰਾਂ ਨੇ ਮਨ ਲਿਆ ਤੇ ਉਹ ਜੇਲ੍ਹੋਂ ਬਾਹਰ ਆ ਗਏ ਬਾਕੀ ਅੰਦਰ ਹੀ ਰਹੇ। ਬਸ ਉਹੋ ਗੁ: ਐਕਟ ਨੂੰ ਅਜ ੫੭ ਸਾਲ ਹੋ ਚਲੇ ਹਨ, ਕਾਇਮ ਹੈ ਤੇ ਇਸ ਨੇ ਸਿੱਖ ਪੰਥ ਨੂੰ ਖੇਰੂੰ-ਖੇਰੂੰ ਕਰ ਛਡਿਆ ਹੈ।

## ਗੁ: ਐਕਟ ਬਾਰੇ ਸੰਖੇਪ ਵਿਚਾਰ :

੧. ਦਾਸ ਲੇਖਕ ਨੇ ਗੁ: ਐਕਟ ਦੇ ਵਿਰੁਧ ਆਪਣੇ ਟ੍ਰੈਕਟ ਨੰ: ੭ **"ਖਾਲਸਾ ਪੰਥ ਡਾਢੇ ਖਤਰੇ ਵਿਚ"** ਇਕ ਕਾਂਡ (Chapter) ਲਿਖਿਆ ਹੈ ਜੋ ਆਮ ਜਨਤਾ ਤੇ ਵਿਦਵਾਨਾਂ ਨੇ ਬਹੁਤ ਪਸੰਦ ਕੀਤਾ ਹੈ।

੨. ਸ: ਹੁਕਮ ਸਿੰਘ ਜੀ, ਜੋ ਸਿੱਖ ਪੰਥ ਦੀ ਪ੍ਰਤਿਸ਼ਠਤ ਹਸਤੀ ਹਨ। ਸਰਕਾਰੀ ਔਹਦਿਆਂ ਤੇ ਸਪੀਕਰ ਤੇ ਗਵਰਨਰ ਵੀ ਰਹਿ ਚੁਕੇ ਹਨ, ਨੇ ਗੁ: ਐਕਟ ਬਾਰੇ ਮੇਰੇ ਵਿਚਾਰਾਂ ਨਾਲ ਪੂਰੀ-ਪੂਰੀ ਸਮਤੀ ਪ੍ਰਗਟ ਕੀਤੀ ਹੈ।

੩. ਸ: ਜੇ. ਪੀ. ਸੰਗਤ ਸਿੰਘ ਬੰਬਈ ਵਾਲਿਆਂ ਨੇ **"ਪੰਥ ਦੇ ਵੇਹੜੇ ਵਿਚ ਸੇਹੇ ਦਾ ਤਕਲਾ"** ਨਾਂ ਦਾ ਮੁਦਲੱਲ ਟ੍ਰੈਕਟ ਲਿਖ ਕੇ ਗੁ: ਐਕਟ ਦੀ ਸਖਤ ਵਿਰੋਧਤਾ ਕੀਤੀ ਹੈ।

੪. ਸਵਰਗ-ਵਾਸੀ ਬਾਵਾ ਹਰਿ ਕ੍ਰਿਸ਼ਨ ਸਿੰਘ ਜੀ ਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਪਹਿਲਾਂ ਮੇਰਾ ਇਕ ਮਿਤਰ ਮਿਲਿਆ ਤੇ ਉਨ੍ਹਾਂ ਰੋ ਕੇ ਆਖਿਆ, ਕਿ ਗੁ: ਐਕਟ ਬਣਾ ਕੇ ਅਸਾਂ ਭਾਰੀ ਝਖ ਮਾਰੀ ਸੀ, (ਬਾਵਾ ਜੀ ਵੀ ਗੁ: ਐਕਟ ਬਣਾਣ ਵਾਲਿਆਂ ਵਿਚੋਂ ਸਨ) ਪਰ



Digitized by Panjab Digital Library | www.panjabdigilib.org

ਹੁਣ ਇਸ ਨੂੰ ਹਟਾਣਾ ਔਖਾ ਹੋ ਗਿਆ।

੫. ਸ: ਮਹਿਤਾਬ ਸਿੰਘ ਹਿੰਦੁਸਤਾਨ ਰੈਫਰੇਜਰੇਸ਼ਨ ਦਰੀਆ ਗੰਜ ਵਾਲਿਆਂ ਨੂੰ ਮੈਂ ਪੁਛਿਆ, ਕਿ ਗੁ: ਐਕਟ ਪੰਥ ਲਈ Fruitful ਹੈ ਜਾਂ Harmful ਤਾਂ ਉਨ੍ਹਾਂ ਝਟ ਕਿਹਾ ਕਿ Harmful.

੬. ਸਵਰਗ-ਵਾਸੀ ਬਾਬਾ ਮਹਿਤਾਬ ਸਿੰਘ ਮਾਡਲ ਟਾਊਨ ਵਾਲੇ ਗੁ: ਐਕਟ ਨੂੰ ਨਾਕਸ ਤੇ ਪੰਥ ਵਿਰੋਧੀ ਹੀ ਕਹਿੰਦੇ ਰਹੇ ਹਨ।

੭. ਗੁ: ਐਕਟ ਪਾਸ ਹੋ ਜਾਣ ਤੋਂ ਬਾਦ ਪਹਿਲੀ ਕਮੇਟੀ ਜਦ ਚੁਣੀ ਗਈ, ਤਾਂ ਬਾਬਾ ਖੜਕ ਸਿੰਘ ਜੀ ਨੂੰ ਪ੍ਰਧਾਨ ਚੁਣਿਆ ਗਿਆ ਜੋ ਜੇਲ੍ਹ ਵਿਚ ਸਨ। ਜਦੋਂ ਉਹ ਬਾਹਰ ਆਏ ਤਾਂ ਉਨ੍ਹਾਂ ਗੁ: ਐਕਟ ਦੀ ਭਾਰੀ ਨਿੰਦਾ ਕੀਤੀ।

੮. ਸ੍ਵ: ਮਾਸਟਰ ਤਾਰਾ ਸਿੰਘ ਜੀ ਨੇ ਵੀ ਗੁ: ਐਕਟ ਨਹੀਂ ਮੰਨਿਆ ਸੀ ਤੇ ਕਿਹਾ ਕਿ ਗੁ: ਐਕਟ ਰਾਹੀਂ ਪੰਥ ਵਿਚ ਫੁਟ ਦਾ ਬੀਜ ਬੋਇਆ ਗਿਆ ਹੈ।

ਹੋਰ ਵਿਦਵਾਨ, ਗਿਆਨੀ, ਪ੍ਰਚਾਰਕ ਸਾਰੇ ਦੇ ਸਾਰੇ ਗੁ: ਐਕਟ ਦੇ ਵਿਰੁਧ ਹਨ। ਬਸ ਓਹੋ ਹੀ ਗੁ: ਐਕਟ ਦੀ ਰਟ ਲਾਈ ਜਾਂਦੇ ਹਨ, ਜਿਨ੍ਹਾਂ ਨੂੰ ਪਦਵੀਆਂ ਮਿਲੀਆਂ ਹੋਈਆਂ ਹਨ ਜਾਂ ਉਨ੍ਹਾਂ ਦੇ ਪਿਛ-ਲਗ ਹਵਾਰੀ।

ਇਹ ਸਾਰੀ ਉਪ੍ਰੋਕਤ ਵਾਰਤਾ ਲਿਖਣ ਦਾ ਕੇਵਲ ਭਾਵ ਇਹ ਹੈ, ਕਿ ਜਦੋਂ ਤੋਂ ਸਿੱਖੀ ਪੰਥ ਦਾ ਜਨਮ ਹੋਇਆ, ਜਿਤਨੇ ਵੀ ਸ਼ਾਸਨਕਾਰ ਆਪਣੇ ਸਮੇਂ ਵਿਚ ਆਂਦੇ ਗਏ ਸਾਰੇ ਹੀ ਇਸ ਦਾ ਵਿਰੋਧ ਕਰਦੇ ਰਹੇ ਅਤੇ ਇਸ ਨੂੰ ਪਾੜਨ ਤੇ ਤਬਾਹ ਕਰਨ ਦੇ ਉਪਾਏ ਸੋਚਦੇ ਰਹੇ। ਪਰੰਤੂ ਖਾਲਸਾ ਪੰਥ ਆਪਣੀ ਬਹਾਦਰੀ, ਵਿਸ਼ਵਾਸ, ਸਿਦਕ, ਭਰੋਸੇ ਅਤੇ ਗੁਰੂ ਦੀ ਮੇਹਰ ਸਦਕਾ ਵਧਦਾ ਫੁਲਦਾ ਤੇ ਲਹਿਰਦਾ ਬਹਿਰਦਾ ਗਿਆ, ਇਸ ਦੀਆਂ ਸਫਾਂ ਵਿਚ ਪਾੜ ਕੋਈ ਵੀ ਪਾ ਨਾ ਸਕਿਆ।

## ਖਾਲਸਾ ਪੰਥ ਦਾ ਕਾਲਾ ਇਤਿਹਾਸ ਕਦੋਂ ਤੇ ਕਿਵੇਂ ਸ਼ੁਰੂ ਹੋਇਆ:

੧੫ ਅਗਸਤ ੧੯੪੭ ਨੂੰ ਦੇਸ਼ ਦਾ ਵਿਭਾਜਨ ਕਰਕੇ ਅੰਗਰੇਜ਼ ਚਲਾ ਗਿਆ ਤੇ ਦੇਸ਼ ਦੀ ਹਕੂਮਤ ਕਾਂਗਰਸ ਪਾਰਟੀ ਦੇ ਹੱਥ ਆਈ। ਬਟਵਾਰੇ ਤੋਂ ਪਹਿਲਾਂ ਇਨ੍ਹਾਂ ਕਾਂਗਰਸੀ ਲੀਡਰਾਂ ਨੇ ਸਿੱਖਾਂ ਨੂੰ ਲਿਖਤੀ ਵਹਿਦੇ ਕਰਕੇ ਸਿੱਖਾਂ ਦੀ ਸੁਰਖਸ਼ਾ ਦਾ ਵਿਸ਼ਵਾਸ ਦਿਵਾਇਆ ਹੋਇਆ ਸੀ, ਪਰ ਜਦ ਹੀ ਹਕੂਮਤ



Digitized by Panjab Digital Library | www.panjabdigilib.org

ਹੱਥ ਆਈ, ਬਸ ਸਭ ਕੌਲ-ਓ-ਕਰਾਰ ਭੁਲ-ਭਲ ਗਏ ਅਤੇ ਸਿੱਖਾਂ ਦੀਆਂ ਸਫਾਂ ਵਿਚ ਇੰਤਸ਼ਾਰ ਪਾਣ ਦਾ ਹੀ ਸੋਚਣ ਲਗ ਪਏ। ਇਨ੍ਹਾਂ ਨੂੰ ਵੀ ਪੁਰਾਣੇ ਹੁਕਮਰਾਨਾਂ ਵਾਂਗ ਪਤਾ ਸੀ, ਕਿ ਜੇ ਸਿੱਖ ਸੰਗਠਤ ਰਹੇ ਤਾਂ ਕੋਈ ਵੀ ਸ਼ਾਸਨਕਾਰ ਸ਼ਾਸਨ ਚਲਾ ਨਹੀਂ ਸਕੇਗਾ। ਇਨ੍ਹਾਂ ਨੂੰ ਇਹ ਵੀ ਭਲੀ ਪ੍ਰਕਾਰ ਅਹਿਸਾਸ ਸੀ ਕਿ ਆਜ਼ਾਦੀ ਲਿਆਣ ਵਿਚ ਵੀ ਸਿੱਖਾਂ ਦੀ ਕੁਰਬਾਨੀਆਂ ਦਾ ਇਕ ਵੱਡਮੁਲਾ ਰੀਕਾਰਡ ਹੈ। ਸੰਗਤਾਂ ਦੇ ਗਿਆਤ ਲਈ ਸਿੱਖਾਂ ਦੀਆਂ ਆਜ਼ਾਦੀ ਲਈ ਕੁਰਬਾਨੀਆਂ ਦਾ ਵੇਰਵਾ ਇਸ ਪ੍ਰਕਾਰ ਹੈ :—

| ਸਜ਼ਾਵਾਂ | ਸਿੱਖ | ਦੂਜੇ ਭਾਰਤੀ | ਟੋਟਲ |
|---|---|---|---|
| ਫ਼ਾਂਸੀ | ੯੩ | ੨੮ | ੧੨੧ |
| ਉਮਰ ਕੈਦ | ੨੧੪੭ | ੪੯੯ | ੨੬੪੬ |
| ਜ਼ਲਿਆਂ ਵਾਲਾ ਬਾਗ਼ ਦੇ ਸ਼ਹੀਦ | ੭੯੯ | ੫੦੧ | ੧੩੦੦ |
| ਬਜ-ਬਜ ਘਾਟ ਦੇ ਸ਼ਹੀਦ | ੬੭ | ੪੬ | ੧੧੩ |
| ਕੂਕਾ ਮੂਵਮੈਂਟ ਦੇ ਸ਼ਹੀਦ | ੯੧ | — | ੯੧ |
| ਅਕਾਲੀ ਲਹਿਰ ਦੇ ਸ਼ਹੀਦ | ੫੦੦ | — | ੫੦੦ |
| | ੩੬੯੭ | ੧੦੭੪ | ੪੭੭੧ |

(ਸਪੋਕਸਮੈਨ ਮਿਤੀ ੭-੬-੮੨ ਵਿਚੋਂ ਧੰਨਵਾਦ ਸਹਿਤ)

ਇਸ ਦਾ ਭਾਵ ਹੈ, ਜੇ ਸਿੱਖਾਂ ਦੀਆਂ ਕੁਰਬਾਨੀਆਂ ਵਿਚੋਂ ਕਢ ਦਿਤੀਆਂ ਜਾਣ ਤਾਂ ਆਜ਼ਾਦੀ ਆਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ ਸੀ। ਇਨ੍ਹਾਂ ਨੂੰ ਇਹ ਵੀ ਪਤਾ ਸੀ, ਕਿ ਬਟਵਾਰੇ ਵੇਲੇ ਅਧਾ ਬੰਗਾਲ ਅਤੇ ਅਧਾ ਪਜਾਬ ਪੂਰਵੀ ਅਤੇ ਪੱਛਮੀ ਪਾਕਿਸਤਾਨ ਦੇ ਮੂੰਹ ਵਿਚੋਂ ਬਚਾ ਲੈਣ ਦਾ Credit ਕੇਵਲ ਅਕਾਲੀ ਲਡੀਰ ਮਾਸਟਰ ਤਾਰਾ ਸਿੰਘ ਨੂੰ ਹੀ ਜਾਂਦਾ ਹੈ।

ਇਨ੍ਹਾਂ ਸਾਰਿਆਂ ਬੇ-ਬਹਾ ਕਾਰਨਾਮਿਆਂ ਕਰਕੇ ਸਿੱਖਾਂ ਦੀ ਮਾਰਸ਼ਿਅਲਟੀ (Martiality) ਦੀ ਧਾਂਕ ਸਾਡੇ ਕਾਂਗਰਸੀ ਲੀਡਰਾਂ ਦੇ ਦਿਲਾਂ ਤੇ ਹੈ ਸੀ, ਇਸ ਵਾਸਤੇ ਇਹ ਭਲੀ ਪ੍ਰਕਾਰ ਜਾਣਦੇ ਸਨ ਕਿ ਸਿੱਖਾਂ ਦੀ ਯਕਜਿਹਤੀ ਉਨ੍ਹਾਂ ਦੇ ਸ਼ਾਸਨ ਲਈ ਅਵੱਸ਼ ਬਾਧਾ ਹੋਵੇਗੀ। ਇਸ ਲਈ ਉਨ੍ਹਾਂ ਨੇ ਸਿੱਖਾਂ ਨੂੰ ਬੇਦਿਲ (Demoralize) ਕਰਨ ਦੇ ਹਰ ਹਰਬੇ ਵਰਤਣੇ ਸ਼ੁਰੂ ਕੀਤੇ।



Digitized by Panjab Digital Library | www.panjabdigilib.org

ਇਕ ਡਬਲ-ਰੋਟੀਆਂ ਵੇਚਣ ਵਾਲੇ ਨੂੰ ਗੁਰੂ ਸਾਹਿਬਾਨ ਦੇ ਮੁਕਾਬਲੇ ਤੇ ਨਿਰੰਕਾਰੀ ਗੁਰੂ ਬਣਾ ਕੇ ਖੜਾ ਕੀਤਾ ਅਤੇ ਉਸ ਨੂੰ ਬੜੀਆਂ ਸ਼ਾਹੀ ਸੁਵਿਧਾਵਾਂ ਦੇ ਕੇ ਬਾਂਸ ਤੇ ਚੜ੍ਹਾਇਆ, ਤਾਂ ਕਿ ਉਹ ਸਿੱਖਾਂ ਵਿਚੋਂ ਲੋਕਾਂ ਨੂੰ ਆਪਣੇ ਵਲ ਖਿਚੇ। ਬੰਦਾ ਵੀ ਦਾੜ੍ਹੀ ਕੇਸਾਂ ਵਾਲਾ ਚੁਣਿਆ ਤਾਂ ਕਿ ਪ੍ਰਭਾਵ ਛੇਤੀ ਪਵੇ।

ਜਦੋਂ ਦੇਸ਼ ਦਾ ਵਿਭਾਜਨ ਹੋਇਆ, ਤਾਂ ਉਸ ਸਮੇਂ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਸਭ ਤੋਂ ਵਧ ਹੋਇਆ। ਪਛਮੀ ਪੰਜਾਬ ਵਿਚ ਬਹੁਤ ਸਾਰੇ ਸਿੱਖ ਲੀਗੀਆਂ ਹੱਥੋਂ ਮਾਰੇ ਗਏ, ਆਪਣਾ ਧਰਮ ਤੇ ਸ਼ਰਮ ਬਚਾਣ ਲਈ ਅਣਗਿਣਤ ਸਿੱਖ ਇਸਤ੍ਰੀਆਂ ਤੇ ਬਚੀਆਂ ਨੇ ਖੂਹਾਂ ਅਤੇ ਦਰਿਆਵਾਂ ਵਿਚ ਛਾਲਾਂ ਮਾਰੀਆਂ। ਪਰ ਸਭ ਤੋਂ ਵਡਾ ਭਾਰੀ ਨੁਕਸਾਨ ਸਿੱਖਾਂ ਦੇ ਪ੍ਰਾਣਾਂ ਤੋਂ ਪਿਆਰੇ ਮੁਢਲੇ ਇਤਿਹਾਸਕੇ ਗੁਰਦਵਾਰੇ ਜੋ ਸਾਥੋਂ ਵਿਛੜ ਕੇ ਪਾਕਿਸਤਾਨ ਵਿਚ ਰਹਿ ਗਏ। ਹਰ ਛੋਟੇ ਤੋਂ ਛੋਟੇ ਸਿੱਖ ਤੋਂ ਲੈ ਕੇ ਵਡੇ ਤੋਂ ਵਡੇ ਲੀਡਰ ਤਕ ਗੁਰਦਵਾਰਿਆਂ ਦੇ ਵਿਛੋੜੇ ਦੀ ਤੜਪ ਬਹੁਤ ਮਹਾਨ ਤੇ ਅਸਹਿ ਸੀ।

ਲੇਖਕ ਨੂੰ ਯਾਦ ਹੈ, ਕਿ ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਅਕਾਲੀਆਂ ਵਾਲੇ ਬਾਗ਼ ਵਿਚ ਸਿੱਖਾਂ ਦਾ ਇਕ ਭਾਰੀ ਦੀਵਾਨ ਸਜਿਆ। ਜਿਸ ਵਿਚ ਸਵਰਗੀਯ ਜਥੇਦਾਰ ਉਧਮ ਸਿੰਘ ਨਾਗੋਕੇ ਨੇ ਇਕ ਬੜੀ ਜੋਸ਼ੀਲੀ ਤੇ ਪ੍ਰਭਾਵ-ਸ਼ਾਲੀ ਤਕਰੀਰ ਕੀਤੀ, ਜਿਸ ਵਿਚ ਸੰਗਤਾਂ ਵਿਚ ਐਲਾਨ ਕੀਤਾ ਕਿ ਸੰਗਤਾਂ ਬਹਿਬਲ ਨਾ ਹੋਣ। ਅਸੀਂ ਜਿਵੇਂ ਕਣਕਾਂ ਦੀਆਂ ਫਸਲਾਂ ਸ੍ਰੀ ਨਨਕਾਣੇ ਸਾਹਿਬ ਬੀਜ ਕੇ ਆਏ ਹਾਂ, ਓਹੋ ਫਸਲਾਂ ਅਸੀਂ ਆਪ ਜਾ ਕੇ ਉਥੇ ਕਟਣੀਆਂ ਹਨ। ਭਾਵ ਕਿ ਸਿੱਖ ਪੰਥ ਛੇਤੀ ਤੋਂ ਛੇਤੀ ਆਪਣੇ ਪਵਿੱਤ੍ਰ ਗੁਰਦਵਾਰੇ ਆਜ਼ਾਦ ਕਰਾਵਾਂਗੇ। ਇਸ ਤੋਂ ਬਿਨਾਂ ਖਾਲਸੇ ਨੂੰ ਚੈਨ ਨਹੀਂ ਹੋ ਸਕਦਾ। ਇਸ ਜੋਸ਼ੀਲੀ ਤਕਰੀਰ ਤੋਂ ਬਾਦ ਕੋਈ ਘੰਟਾ, ਪੌਣਾ ਘੰਟਾ ਦੀਵਾਨ ਵਿਚ ਜੈਕਾਰੇ ਗੂੰਜਦੇ ਰਹੇ ਤੇ ਸੰਗਤਾਂ ਪ੍ਰੋਗਰਾਮ ਲਈ ਉਤਾਵਲੀਆਂ ਸਨ।

ਜਥੇਦਾਰ ਨਾਗੋਕੇ ਦੀ ਇਹ ਤਕਰੀਰ ਸਾਰੇ ਦੇਸ਼ ਵਿਚ ਗੂੰਜ ਗਈ। ਕਾਂਗਰਸੀ ਵਡੇ ਲੀਡਰਾਂ ਨੇ ਵੀ ਪੜ੍ਹੀ ਜਾਂ ਸੁਣੀ। ਪੰਡਤ ਨਹਿਰੂ ਜੀ ਦੀ ਇਸ ਤਕਰੀਰ ਨੇ ਨੀਂਦ ਹਰਾਮ ਕਰ ਦਿਤੀ। ਉਸ ਨੂੰ ਫਿਕਰ ਪੈ ਗਿਆ ਕਿ ਜੇ ਸਿੱਖ ਕੋਈ ਅਜਿਹਾ ਕਦਮ ਚੁਕ ਲੈਣ ਕਿ ਗੁਰਦਵਾਰਿਆਂ ਖਾਤਰ ਪਾਕਿਸਤਾਨ ਤੇ ਹਮਲਾ ਕਰਕੇ ਲੜਾਈ ਛੇੜ ਲੈਣ। ਤਾਂ ਪਾਕਿਸਤਾਨ ਦੇ ਕਦਮ ਵੀ ਅਜੇ ਨਹੀਂ ਜਮੇ ਸਨ ਅਤੇ ਨਾ ਹੀ ਹਿੰਦੁਸਤਾਨ ਹੀ ਅਜੇ



Digitized by Panjab Digital Library | www.panjabdigilib.org

ਸੰਭਲਿਆ ਸੀ । ਆਜ਼ਾਦੀ ਖਤਰੇ ਵਿਚ ਪੈ ਜਾਏਗੀ, ਪਤਾ ਨਹੀਂ ਕੀ ਬਣੇ । ਸਿੱਖਾਂ ਦੇ ਜੋਸ਼ ਦਾ ਉਸ ਨੂੰ ਪਤਾ ਸੀ ।

ਅੰਤ ਸੋਚ ਸੋਚ ਕੇ ਪੰਡਤ ਜੀ ਨੂੰ ਇਕ ਵਿਉਂਤ ਸੁਝ ਗਈ, ਉਸ ਸਮਝਿਆ ਕਿ ਸਿੱਖ ਤਾਕਤ ਨਾਲ ਤਾਂ ਨਹੀਂ ਰਾਮ ਹੋ ਸਕਦੇ, ਪਰ ਜੇ ਲਾਲਚ ਨਾਲ ਫਿਸਲ ਜਾਣ ਤਾਂ ਕੋਸ਼ਸ਼ ਕਰਨੀ ਚਾਹੀਦੀ ਹੈ । ਉਸ ਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਕਿ ਜੇ ਜਥੇਦਾਰ ਊਧਮ ਸਿੰਘ ਤੇ ਹੋਰ ਜਿਹੜੇ ਬੜੇ ਦਮਗਜੇ ਮਾਰਦੇ ਹਨ, ਨੂੰ ਰਾਜਿਆ ਸਭਾ* ਦੀ ਮੈਂਬਰੀ ਲਈ ਕੋ-ਅਪਟ (Co-opt) ਕਰ ਲਿਆ ਜਾਏ ਤਾਂ ਕੀ ਹਰਜ ਹੈ, ਸਾਰਿਆਂ ਨੇ ਗੱਲ ਮੰਨ ਲਈ ਤੇ ਆਖਿਆ ਚੋਗਾ ਪਾ ਕੇ ਦੇਖ ਲਿਆ ਜਾਏ ।

ਆਖਰ ਇਹ ਗਲ ਨਾਗੋਕਿਆਂ ਤਕ ਪਹੁੰਚਾਈ ਗਈ । ਤਾਂ ਸਾਰਿਆਂ ਦੇ ਮੂੰਹ ਵਿਚ ਪਾਣੀ ਆ ਗਿਆ । ਉਹਨਾਂ ਝਟ ਮਨਜ਼ੂਰ ਕਰ ਲਈ । ਤੇ ਮਾਸਟਰ ਤਾਰਾ ਸਿੰਘ ਜੀ ਨੂੰ ਫਤਹਿ ਗਜਾਣ ਤੋਂ ਬਿਨਾਂ ਹੀ ਜਾ ਵੜੇ ਤੇ ਪਕੇ ਕਾਂਗ੍ਰਸੀ ਹੋ ਗਏ । ਉਨ੍ਹਾਂ ਸੋਚਿਆ ਕਿ ਮੌਕਾ ਹਥੋਂ ਨਹੀਂ ਜਾਣ ਦੇਣਾ ਚਾਹੀਦਾ । ਚੋਣਾਂ ਨਾਲ ਤਾਂ ਸਤ ਜਨਮ ਵੀ ਪਾਰਲੀਮੈਂਟ ਤਕ ਨ ਪਹੁੰਚ ਸਕਣ ਅਤੇ ਪੜ੍ਹੇ ਵੀ ਤਾਂ ਉਹੋ ਕੁਝ ਹੀ ਸਨ । ਮੁਫਤੋ ਮੁਫਤ M.P. ਦੀ ਪਦਵੀ ਮਿਲਦੀ ਹੈ ਕਿਉਂ ਛੋੜਨ । ਕਣਕਾਂ ਦੀਆਂ ਫਸਲਾਂ ਸਭ ਭੁਲਭਲ ਗਈਆਂ ਤੇ ਜਾ ਠੰਡੀਆਂ ਹਵਾਵਾਂ 'ਚ ਬੈਠੇ । ਇਨ੍ਹਾਂ ਦੀ ਸਾਰੀ ਜੁੰਡਲੀ ਹੀ ਮਾਸਟਰ ਤਾਰਾ ਸਿੰਘ ਨਾਲੋ ਟੁਟ ਕੇ ਕਾਂਗ੍ਰਸੀ ਬਣ ਗਏ । ਸ੍ਰ: ਈਸ਼ਰ ਸਿੰਘ ਮਝੈਲ ਤੇ ਜ: ਸੋਹਣ ਸਿੰਘ ਜਲਾਲ ਉਸਮਾਂ ਪੰਜਾਬ ਵਿਧਾਨ ਸਭਾ ਵਿਚ ਵਜ਼ੀਰ ਲਏ ਗਏ । ਉਹ ਦਿਨ ਸੀ ਜਦੋਂ ਪੰਥ ਦੀ ਗਡੀ ਪਟੜੀ ਤੋਂ ਉਤ੍ਰ (Derail) ਗਈ । ਫਿਰ ਜ:

---

* ਰਾਜਿਆ ਸਭਾ ਇਕ ਬੇ-ਲੋੜੀ ਜਿਹੀ ਸਭਾ ਹੈ, ਇਸ ਦਾ ਦੇਸ਼ ਵਾਸਤੇ ਕੋਈ ਲਾਭ ਨਹੀਂ । ਇਹ ਨਿਰਾ ਤੇ ਨਿਕੰਮਾ ਭਾਰ (ਸਫੈਦ ਹਾਥੀ) ਦੇਸ਼ ਦੇ ਸਿਰ ਧਰਿਆ ਪਿਆ ਹੈ । ਇਹ ਬਰਤਾਨੀਆਂ ਦੀ ਨਕਲ ਹੈ, ਉਥੇ ਵੀ ਦੋ ਹਾਊਸਿਜ਼ (Houses) ਹਨ ਤੇ ਇਥੇ ਵੀ ਪਾ ਲਏ ਗਏ ਹਨ । ਕਈ ਵਾਰੀ ਜਿਹੜਾ ਆਦਮੀ ਲੋਕ ਸਭਾ ਵਿਚ ਚੋਣਹਾਰ ਜਾਵੇ ਉਸ ਨੂੰ ਰਾਜਿਆ ਸਭਾ ਵਿਚ ਚੋਰ ਦਰਵਾਜ਼ਿਓਂ ਭੇਜ ਕੇ ਐਮ. ਪੀ. ਬਣਾ ਲਿਆ ਜਾਂਦਾ ਹੈ । ਇਸ ਬਾਰੇ ਮੈਂ ਆਪਣੀ ਹਿੰਦੀ ਦੀ ਪੁਸਤਕ "**ਹਮਾਰਾ ਪ੍ਰਿਯਾ ਭਾਰਤ ਦੇਸ਼ ਸਰਵਨਾਸ਼ ਕੀ ਔਰ**" ਅਤੇ ਉਰਦੂ ਕੀ ਕਿਤਾਬ "**ਭਾਰਤ ਦੇਸ਼ ਕਾ ਬੁਰਾ ਹਾਲ**" ਵਿਚ ਖੁਲ੍ਹ ਕੇ ਵਜ਼ਾਹਿਤ ਕੀਤੀ ਹੈ ।



Digitized by Panjab Digital Library | www.panjabdigilib.org

ਊਧਮ ਸਿੰਘ ਨਾਗੋਕੇ ਸਰਕਾਰੀ ਸਹਾਇਤਾ ਨਾਲ ਸ੍ਰ: ਕਮੇਟੀ ਦਾ ਪ੍ਰਧਾਨ ਵੀ ਚੁਣਿਆ ਗਿਆ । ਦੋਹਾਂ ਪਾਸਿਆਂ ਤਾਕਤਾਂ ਪਕੜ ਲਈਆਂ । ਇਹ ਪਿਰਤ ਵੀ ਦੋਹਾਂ ਪਾਸਿਆਂ ਵਾਲੀ ਉਥੋਂ ਹੀ ਚਲੀ । ਫਿਰ ਗੁਰਦਵਾਰਿਆਂ ਦੀਆਂ ਸਟੇਜਾਂ ਤੇ ਪੰਥਕ ਪ੍ਰਚਾਰ ਦੀ ਥਾਂ ਕਾਂਗ੍ਰਸ ਦਾ ਪ੍ਰਚਾਰ ਕਰਨ ਲਗ ਪਏ । ਇਹ ਸਾਰੀ ਜੁੰਡਲੀ ਹੌਲੀ ਹੌਲੀ ਕਾਂਗ੍ਰਸੀ ਬਣ ਗਈ । ਜਥੇਦਾਰ ਮੋਹਣ ਸਿੰਘ ਨਾਗੋਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੀ ਉਥੋਂ ਅਸਤੀਫਾ ਦੇ ਕੇ ਵਿਧਾਨ ਸਭਾ ਦਾ ਮੈਂਬਰ ਕਾਂਗ੍ਰਸ ਟਿਕਟ ਤੇ ਬਣਿਆ । ਇਸ ਤਰ੍ਹਾਂ ਕੁਰਸੀਆਂ ਦੇ ਲਾਲਚ ਦੇ ਕੇ ਮਾਸਟਰ ਜੀ ਦੇ ਖੰਭ ਤੋੜ ਕੇ ਪੰਡਤ ਨਹਿਰੂ ਨੂੰ ਚੈਨ ਆਇਆ ਤੇ ਸੁਖ ਦੀ ਨੀਂਦਰੇ ਸੌਣ ਲਗਾ ।

ਉਧਰ ਮਾਸਟਰ ਤਾਰਾ ਸਿੰਘ ਨਾਲ ਅਕਾਲੀ ਪਾਰਟੀ ਵਿਚ ਗਿ: ਕਰਤਾਰ ਸਿੰਘ ਹੀ ਇਕ ਬੁਲਾਰਾ ਰਹਿ ਗਿਆ । ਇਸ ਨੇ ਜਦ ਦੇਖਿਆ ਕਿ ਉਸ ਦੇ ਜਨਮ ਜਨਮ ਦੇ ਸਾਥੀ ਪੁਰਾਣੇ ਅਕਾਲੀ (ਭਾਵ ਨਾਗੋਕੇ ਜੁੰਡਲੀ) ਤਾਂ ਹਕੂਮਤ ਵਿਚ ਉਚੀਆਂ ਟੀਸੀਆਂ ਤੇ ਜਾ ਚੜ੍ਹੇ ਹਨ ਤੇ ਗਿਆਨੀ ਜੀ ਉਥੇ ਦੇ ਉਥੇ ਹੀ ਹਨ । ਕੋਈ ਤਰਕੀਬ ਸੋਚਣੀ ਚਾਹੀਦੀ ਹੈ ਕਿ ਕਿਤੇ ਵਜ਼ੀਰੀ ਮਿਲ ਜਾਵੇ । ਮਾਸਟਰ ਤਾਰਾ ਸਿੰਘ ਪਾਸੋਂ ਕੀ ਲੈਣਾ । ਜਾਂ ਮਾਸਟ੍ਰ ਜੀ ਪਾਸ ਹੈ ਵੀ ਕੀ ਦੇਣ ਜੋਗਾ । ਗਿਆਨੀ ਜੀ ਨੂੰ 'ਪੰਥ ਦਾ ਦਮਾਗ' ਵੀ ਕਿਹਾ ਜਾਂਦਾ ਸੀ । ਗਿਆਨੀ ਜੀ ਨੇ ਮਾਸਟ੍ਰ ਜੀ ਨੂੰ ਜਾ ਕੇ ਪਟੀ ਪੜ੍ਹਾਈ ਕਿ ਮਾਸਟ੍ਰ ਜੀ ! ਹੁਣ ਜ਼ਮਾਨਾ ਬਦਲ ਗਿਆ ਹੈ । ਦੇਸ਼ ਵਿਚ ਸੈਕੂਲਰ ਸਰਕਾਰ ਕਾਇਮ ਹੋ ਗਈ ਹੈ । ਚੋਣਾਂ ਵੀ ਸਾਂਝੀਆਂ ਹੋ ਗਈਆਂ ਹਨ । ਹਿੰਦੂਆਂ ਨਾਲ ਮੁਸਲਮਾਨ ਤੇ ਈਸਾਈ ਵੀ ਕਾਂਗ੍ਰਸ ਵਿਚ ਸ਼ਾਮਲ ਹੋ ਗਏ ਹਨ । ਤੇ ਸਿਖ ਵੀ ਹੌਲੀ-ਹੌਲੀ ਕਾਂਗ੍ਰਸ ਵਿਚ ਜਾ ਕੇ ਥਾਵਾਂ ਮਲ ਰਹੇ ਹਨ । ਹੁਣ ਸਾਨੂੰ ਵੀ ਪੈਂਤਰਾ ਬਦਲਨਾ ਪਵੇਗਾ । ਅਕਾਲੀਆਂ ਨੂੰ ਇਨਾਂ ਨੇ ਫਿਰਕਾ ਪ੍ਰਸਤ ਕਹਿ ਕੇ ਭੰਡਣਾ ਸ਼ੁਰੂ ਕੀਤਾ ਹੋਇਆ ਹੈ । ਇਸ ਲਈ ਹੁਣ ਜੁਗਤੀ ਨਾਲ ਹੀ ਕੰਮ ਚਲੇ ਗਾ । ਮਾਸੱਟਰ ਜੀ ਦੇ ਪੁਛਣ ਤੇ ਗਿਆਨੀ ਜੀ ਨੇ ਵਿਉਂਤ ਦਸੀ ਕਿ ਮੈਨੂੰ ਆਗਿਆ ਦਿਓ ਕਿ ਪੰਜਾਬ ਵਿਚ ਵਜ਼ੀਰੀ ਤੇ ਹਥ ਮਾਰਾਂ । ਹਾਂ ਤੇ ਮੈਂ ਪਕਾ ਅਕਾਲੀ ਤੇ ਅੰਦਰੋ ਅੰਦਰੋ ਅਕਾਲੀ ਹੀ ਰਹਾਂਗਾ ਪਰ ਉਤੋਂ ਉਤੋਂ ਕਾਂਗ੍ਰਸੀ ਬਣ ਕੇ ਵਜ਼ੀਰੀ ਦੀ ਕੁਰਸੀ ਹਥਿਆ ਲਵਾਂ । ਫਿਰ ਮੈਂ ਅੰਦਰੋਂ ਜ਼ੋਰ ਲਾਵਾਂਗਾ ਤੇ ਤੁਸੀਂ ਬਾਹਰੋਂ ਜ਼ੋਰ ਲਾਣਾ ਤਦ ਹੀ ਪੰਥ ਦਾ ਕੁਝ ਕੰਮ ਬਣ ਸਕੇਗਾ । ਕੁਝ



Digitized by Panjab Digital Library | www.panjabdigilib.org

ਸਰਕਾਰੀ ਪੋਜ਼ੀਸ਼ਨ ਤੇ ਕੋਲ ਹੋਣੀ ਚਾਹੀਦੀ ਹੈ। ਮਾਸਟਰ ਜੀ ਨੇ ਹਛਾ ਕਰ ਦਿਤੀ ਤੇ ਗਿਆਨੀ ਜੀ ਵਜ਼ੀਰੀ ਦੇ ਚਕਰ ਵਿਚ ਲਗ ਗਏ। ਚੋ: ਕਰਤਾਰ ਸਿੰਘ ਦਸੂਹਾ ਜ਼ਿਲਾ ਹੁਸ਼ਿਆਰਪੁਰ ਵਾਲੇ ਨੇ ਗਿਆਨੀ ਜੀ ਨੂੰ ਵਜ਼ੀਰ ਬਣਾਣ ਵਿਚ ਕਾਫੀ ਪਾਰਟ ਅਦਾ ਕੀਤਾ। ਉਧਰ ਕਾਂਗ੍ਰਸੀ ਵੀ ਚਾਹੁੰਦੇ ਸਨ ਕਿ ਮਾਸਟ੍ਰ ਜੀ ਨਾਲੋਂ ਗਿਆਨੀ ਜੀ ਨੂੰ ਤੋੜਿਆ ਜਾਵੇ ਭਾਂਵੇ ਵਜ਼ੀਰੀ ਵੀ ਕਿਉ ਨ ਦਿਤੀ ਜਾਵੇ। ਵਜ਼ੀਰੀਆਂ ਦੀ ਸਰਕਾਰ ਕੋਲ ਕੋਈ ਘਾਟ ਨਹੀਂ ਸੀ ਗਿਆਨੀ ਜੀ ਵਜ਼ੀਰ ਬਣ ਗਏ। ਉਧਰ ਜਾਣ ਤਾਂ ਕਾਂਗ੍ਰਸੀ ਤੇ ਜੇ ਮਾਸਟ੍ਰ ਜੀ ਪਾਸ ਆਣ ਤਾਂ ਅਕਾਲੀ। ਦੋਵੇਂ ਪਾਸੇ ਹਥ ਰਖਦੇ ਸਨ।

ਗਿਆਨੀ ਜੀ ਨੇ ਸ੍ਰੀ ਭੀਮਸੈਨ ਸਚਰ ਮੁਖਮੰਤ੍ਰੀ ਪੰਜਾਬ ਨੂੰ ਪ੍ਰੇਰ ਕੇ ਪੰਜਾਬ ਵਿਚ ਰਿਜਨਲ ਫਾਰਮੂਲਾ ਤਿਆਰ ਕਰਕੇ ਪਾਸ ਕਰਵਾ ਲਿਆ। ਇਸ ਵਿਚ ਪੰਜਾਬ ਦੇ ਦੋ ਰਿਜਨ ਇਕ ਹਿੰਦੀ ਭਾਸ਼ੀ ਰਿਜਨ ਤੇ ਦੂਜਾ ਪੰਜਾਬੀ ਰਿਜਨ। ਪੰਜਾਬੀ ਰਿਜਨ ਵਿਚ ਸਿਖਾਂ ਦੀ ਗਿਣਤੀ 'ਚ ਕੁਝ ਵਾਧਾ ਹੋ ਜਾਂਦਾ ਸੀ। ਦੋਹਾਂ ਰਿਜਨਾਂ ਦੀਆਂ ਅਸੈਂਬਲੀਆਂ ਵਖੋ ਵਖ ਤੇ ਗਵਰਨਰ ਇਕ ਅਤੇ ਹਾਈ ਕੋਰਟ ਵੀ ਇਕ। ਇਹ ਫਾਰਮੂਲਾ ਪਾਸ ਤੇ ਹੋ ਗਿਆ ਪਰ ਇਸ ਉਤੇ ਅਮਲ ਕਦੀ ਵੀ ਨਹੀਂ ਹੋਇਆ। ਇਸ ਰੀਜਨਲ ਫਾਰਮੂਲੇ ਕਾਰਨ ਗਿਆਨੀ ਜੀ ਉਤੇ ਕਾਂਗ੍ਰਸੀ ਸ਼ਕ ਕਰਨ ਲਗੇ ਕਿ ਗਿਆਨੀ ਜੀ ਪਕੇ ਕਾਂਗ੍ਰਸੀ ਨਹੀਂ ਬਣੇ ਇਨ੍ਹਾਂ ਵਿਚ ਅਜੇ ਅਕਾਲੀ ਪੁਣੇ ਦੀ ਬੂ ਹੈ। ਗਿ: ਜੀ ਨੂੰ ਵਜ਼ਾਰਤ 'ਚੋਂ ਸ਼ੁਟ ਆਊਟ ਕਰ ਦਿਤਾ ਗਿਆ। ਪਰ ਗਿਆਨੀ ਜੀ ਨੂੰ ਵਜ਼ਾਰਤ ਦੀ ਕੁਰਸੀ ਦਾ ਸਵਾਦ ਪੈ ਚੁਕਿਆ ਸੀ ਇਸ ਵਾਸਤੇ ਉਸ ਮੁੜ ਕੋਸ਼ਸ਼ ਕੀਤੀ ਇਸ ਵਾਰੀ ਅਪਣੇ ਆਪ ਨੂੰ ਪਕਾ ਕਾਂਗ੍ਰਸੀ ਸ਼ਾਬਤ ਕਰਨ ਦਾ ਯਤਨ ਕੀਤਾ। ਮੁੜ ਵਜ਼ੀਰੀ ਮਿਲ ਗਈ। ਇਕ ਵਾਰੀ ਵਜ਼ੀਰ ਹੁੰਦਿਆਂ ਹੋਇਆਂ ਮਾਸਟਰ ਜੀ ਨੂੰ ਗ੍ਰਿਫਤਾਰ ਕਰਾ ਕੇ ਜੇਲ ਵਿਚ ਡਕਾ ਦਿਤਾ ਅਤੇ ਮਾਸਟ੍ਰ ਜੀ ਦੇ ਲੜਕੇ ਜਸਵੰਤ ਸਿੰਘ ਦੀ ਅਸਲੇ ਦੀ ਦੁਕਾਨ ਸੀਲ ਮੋਹਰ ਕਰਾ ਦਿਤੀ ਤਾਂ ਕਿ ਕਾਂਗ੍ਰਸੀ ਸਮਝਣ ਕਿ ਹੁਣ ਗਿਆਨੀ ਜੀ ਮਾਸਟਰ ਜੀ ਨਾਲੋਂ ਵਾਕਈ ਟੁਟ ਗਏ ਹਨ ਤੇ ਹੁਣ ਪਕੇ ਕਾਂਗ੍ਰਸੀ ਹਨ।

ਉਧਰ ਦੇਸ਼ ਵਿਚ ਜ਼ਬਾਨ ਦੇ ਲਿਹਾਜ਼ ਨਾਲ ਪ੍ਰਾਂਤ ਬਣਨੇ ਸ਼ੁਰੂ ਹੋਏ। ਸਿਖਾਂ ਦੀ ਵੀ ਪੰਜਾਬੀ ਸੂਬਾ ਬਣਾਏ ਜਾਣ ਦੀ ਮੰਗ ਸੀ ਪਰ ਪੰ: ਨਹਿਰੂ ਜ਼ਿਦ ਤੇ ਆ ਗਏ ਅਤੇ ਕਿਹਾ ਕਿ ਭਾਵੇਂ ਦੇਸ਼ ਵਿਚ ਭਾਸ਼ਾ ਦੇ ਅਧਾਰ ਤੇ



Digitized by Panjab Digital Library | www.panjabdigilib.org

ਸਾਰੇ ਸੂਬੇ ਬਣ ਜਾਣ ਪਰ ਪੰਜਾਬੀ ਸੂਬਾ ਕਿਸੇ ਹਾਲਤ ਤੇ ਨਹੀਂ ਬਣੇਗਾ। ਇਸ ਚੀਜ਼ ਨੂੰ ਸਿਖਾਂ ਨੇ ਆਪਣੇ ਵਲ ਭਾਰੀ ਵਿਤਕਰਾ ਤੇ ਹੇਠੀ ਸਮਝਿਆ ਅਤੇ ਪੰਜਾਬੀ ਸੂਬੇ ਦੀ ਮੰਗ ਦਾ ਅੰਦੋਲਨ ਸ਼ੁਰੂ ਹੋ ਗਿਆ। ਪੰਜਾਬ ਸਰਕਾਰ ਨੇ **'ਪੰਜਾਬੀ ਸੂਬਾ ਜ਼ਿੰਦਾਬਾਦ'** ਆਖਣ ਤੇ ਪਾਬੰਦੀ ਲਾ ਦਿਤੀ ਜਿਸ ਤੋਂ ਮੋਰਚਾ ਭੜਕ ਪਿਆ। ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਥੇ ਜਾਣੇ ਸ਼ੁਰੂ ਹੋ ਗਏ ਅਤੇ ਕੋਈ ੪੫ ਹਜ਼ਾਰ ਸਿੰਘ ਜੇਲਾਂ ਵਿਚ ਡਕ ਦਿਤੇ ਗਏ। ਅਤੇ ੪ ਜੁਲਾਈ ੧੯੫੫ ਨੂੰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ Raid ਕੀਤਾ ਪੋਲੀਸ ਦੇ ਸਪਾਹੀ ਜੋੜਿਆ ਸਣੇ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਤਕ ਗਏ ਮੰਜੀ ਸਾਹਿਬ ਅਤੇ ਪ੍ਰਕਰਮਾਂ ਵਿਚ ਗੈਸ ਦੇ ਗੋਲੇ ਸੰਗਤਾਂ ਨੂੰ ਮਾਰੇ। ਲੰਗਰ ਬੰਦ ਕਰਾ ਦਿਤਾ ਗਿਆ। ਉਸ ਵੇਲੇ ਸ੍ਰ: ਹੁਕਮ ਸਿੰਘ, ਸ੍ਰ: ਗਿਆਨ ਸਿੰਘ, ਰਾੜੇਵਾਲਿਆਂ ਨੇ ਮੋਰਚਾ ਸੰਭਾਲਿਆ। ਸ੍ਰ: ਹੁਕਮ ਸਿੰਘ ਤਾਂ ਛਾਤੀ ਦੇ ਬਟਨ ਖੋਹਲ ਕੇ ਪੋਲੀਸ ਅਫਸਰਾਂ ਦੇ ਅਗੇ ਖੜੇ ਹੋ ਗਏ ਤੇ ਕਿਹਾ ਬੇਸ਼ਕ ਗੋਲੀ ਸੀਨੇ ਵਿਚ ਮਾਰੋ। ਪੰਜਾਬੀ ਸੂਬੇ ਦੀ ਮੰਗ ਰਖਣ ਵਿਚ ਸ੍ਰ: ਹੁਕਮ ਸਿੰਘ ਜੀ ਮੁਦਈ ਸਨ। ਅੰਤ ਨੂੰ ਪੰਜਾਬ ਸਰਕਾਰ ਨੇ ਪਾਬੰਦੀ ਉਠਾ ਲਈ ਤੇ ਮੋਰਚਾ ਸਫਲ ਹੋਇਆ। ਸਾਰੇ ਕੈਦੀ ਰਿਹਾ ਕਰ ਦਿਤੇ ਗਏ। ਸ੍ਰੀ: ਸਚਰ ਸਾਹਿਬ ਮੁਖਮੰਤ੍ਰੀ ਦਿਲ ਵਿਚ ਗੁਰੂ ਘਰ ਤੇ ਸ਼ਰਧਾ ਰਖਣ ਵਾਲੇ ਸਨ। ਉਨ੍ਹਾਂ ਦੀ ਪੋਲੀਸ ਪਾਸੋਂ ਸ੍ਰੀ ਦਰਬਾਰ ਸਾਹਿਬ ਦੀ ਹੋਈ ਬੇਅਦਬੀ ਨੂੰ ਅਪਣੇ ਸਿਰ ਲਿਆ ਅਤੇ ਇਕ ਦਿਨ ਆਪ ਆ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਸੰਗਤਾਂ ਪਾਸੋ ਮਾਫੀ ਮੰਗੀ। ਇਸ ਮੋਰਚੇ ਦੀ ਭਾਰੀ ਸਫਲਤਾ ਨੇ ਮੁੜ ਪੰਥ ਵਿਚ ਭਾਰੀ ਏਕਤਾ ਤੇ ਯਕਜਹਿਤੀ ਲਿਆਂਦੀ। ਮੈਂਬਰੀ ਦੇ ਲਾਲਚੀ ਕਾਂਗ੍ਰਸੀ ਸਿਖਾਂ ਦੀ ਪੋਜ਼ੀਸ਼ਨ ਮਾਂਦ ਪੈ ਗਈ। ਮਾਸਟ੍ਰ ਤਾਰਾ ਸਿੰਘ ਜੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਚੁਣੇ ਗਏ। ਅਤੇ ਪੰਜਾਬੀ ਸੂਬੇ ਦਾ ਅੰਦੋਲਨ ਹੋਰ ਤੇਜ਼ ਹੋਇਆ।

## ਸ੍ਰ: ਹੁਕਮ ਸਿੰਘ ਜੀ ਦਾ ਰੋਲ

ਜਥੇਦਾਰ ਊਧਮ ਸਿੰਘ ਨਾਗੋਕੇ ਤੇ ਉਨ੍ਹਾਂ ਦੇ ਸਾਥੀ ਮਾਝੇ ਦੇ ਮਨੇ ਪ੍ਰਮਨੇ ਦਲੇਰ ਬਹਾਦਰ ਤੇ ਸ਼ਕਤੀਸ਼ਾਲੀ ਉਚੇ ਲਮੇ ਕਦ ਵਾਲੇ ਸੂਰਬੀਰ ਗੁਰਸਿਖ ਸਨ। ਅਕਾਲੀ ਦਲ ਦੇ ਸਿਰਕਢ ਮੁਦਈ ਤੇ ਮਾਸਟਰ ਤਾਰਾ ਸਿੰਘ ਜੀ ਦੀਆਂ ਮਜ਼ਬੂਤ ਬਾਹਵਾਂ ਸਨ। ਗੁਰਦਵਾਰਾ ਸੁਧਾਰ ਲਹਿਰ ਅਤੇ ਫਿਰ



Digitized by Panjab Digital Library | www.panjabdigilib.org

ਅਕਾਲੀ ਲਹਿਰ ਵਿਚ ਇਕ ਲਮੇ ਸਮੇਂ ਤੋਂ ਸਿਰ ਜੋੜ ਕੇ ਇਤਫਾਕ ਤੇ ਭਰੋਸੇ ਨਾਲ ਪੰਥ ਦੀ ਸੇਵਾ ਕਰਦੇ ਆਏ ਸਨ । ਮਾਸਟਰ ਤਾਰਾ ਸਿੰਘ ਨੂੰ ਇਨ੍ਹਾਂ ਉਤੇ ਖਾਸ ਨਾਜ਼ ਸੀ । ੩ ਮਾਰਚ ੧੯੪੭ ਨੂੰ ਜਦੋ ਖ਼ਿਜ਼ਰ ਹਯਾਤ ਖਾਨ ਟਿਵਾਨਾ ਦੀ ਯੂਨੀਅਨਿਸਟ ਵਜ਼ਾਰਤ ਨੂੰ ਹਟਾ ਕੇ ਲੀਗੀ ਵਜ਼ਾਰਤ ਬਣਨ ਲਗੀ ਤਾਂ ਉਸ ਵੇਲੇ ਲਾਹੋਰ ਅਸੈਂਬਲੀ ਹਾਲ ਤੋਂ ਬਾਹਰ ਜਦੋਂ ਮਾਸਟਰ ਤਾਰਾ ਸਿੰਘ ਨੇ ਨੰਗੀ ਕਿਰਪਾਨ ਕਢ ਕੇ ਮੁਸਲਮਲੀਗ ਮੁਰਦਾਬਾਦ, ਪਾਕਿਸਤਾਨ ਮੁਰਦਾਬਾਦ ਦਾ ਨਾਅਰਾ ਲਾਇਆ ਤਾਂ ਉਨ੍ਹਾਂ ਪਿਛੇ ਇਹ ਮਝੈਲ ਜਥੇਦਾਰ ਹੀ ਸਨ ਜਿਨ੍ਹਾਂ ਨੇ ਨਿਡਰਤਾ ਨਾਲ ਮਾਸਟਰ ਜੀ ਦੇ ਪਿਛੇ ਸਾਥ ਦਿਤਾ ਸੀ ਤੇ ਮਗਰੋਂ ਹੋਰ ਵੀ ਹਿੰਦੂ ਸਿਖ ਸ਼ਾਮਲ ਹੋ ਕੇ ਨਾਅਰੇ ਲਾਂਦੇ ਰਹੇ ਜਿਸ ਦੇ ਫਲ ਸਰੂਪ ਲੀਗੀ ਵਜ਼ਾਰਤ ਨ ਬਣ ਸਕੀ ਅਤੇ ਜਿਥੇ ਸਾਰੇ ਦਾ ਸਾਰਾ ਪੰਜਾਬ ਪਾਕਿ-ਸਤਾਨ ਵਿਚ ਜਾਣ ਵਾਲਾ ਸੀ ਉਥੇ ਪੰਜਾਬ ਦਾ ਵਿਭਾਜਨ ਹੋਇਆ ਤੇ ਵਾਹਗੇ ਤੇ ਸਰਹੱਦ ਕਾਇਮ ਹੋਈ ਅਤੇ ਹੁਣ ਵਾਲਾ ਪੰਜਾਬ ਪਾਕਿਸਤਾਨ ਤੋਂ ਬਚ ਗਿਆ । ਫਿਰ ਬੰਗਾਲ ਅਸਾਮ ਵੀ ਮਾਸਟਰ ਜੀ ਦੀ ਹਿਮਤ ਨਾਲ ਅਧਾ ਬਚਿਆ । ਉਹ ਸਮਾ ਬੜਾ ਹੀ ਨਾਜ਼ਕ ਸੀ ਇਹ ਮਝੈਲ ਸਿੰਘ ਨਿਰੇ ਬਹਾਦਰ ਹੀ ਨਹੀਂ ਸਨ ਪੂਰੇ ਗੁਰੂ ਤੇ ਸ਼ਰਧਾਵਾਨ ਗੁਰ ਸਿਖ ਵੀ ਸਨ । ਅਸੀਂ ਪੰਜਾਬੋ ਬਹੁਤ ਦੂਰ ਫੰਰਟੀਅਰ ਵਿਚ ਬੈਠੇ ਹੋਏ ਵੀ ਇਨ੍ਹਾਂ ਮਾਝੇ ਮਾਲਵੇ ਦੇ ਸਿਖਾਂ ਤੇ ਬੜਾ ਮਾਨ ਕਰਦੇ ਸਾਂ ਅਤੇ ਇਨ੍ਹਾਂ ਦੀ ਬੀਰਤਾ ਦੀਆਂ ਕਹਾਣੀਆਂ ਕਰਿਆ ਕਰਦੇ ਸਾਂ । ਜਦੋ ਵਿਭਾਜਨ ਹੋਇਆ ਅਤੇ ਸਿਖਾਂ ਨੂੰ ਆਪਣਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਕਰਾ ਕੇ ਆਪਣੀਆਂ ਜਾਇਦਾਦਾਂ ਤੇ ਪ੍ਰਾਨਾਂ ਤੋਂ ਵੀ ਪਿਆਰੇ ਇਤਿਹਾਸਕ ਮੁਢਲੇ ਗੁਰਦੁਆਰੇ, ਉਧਰ ਛੋੜ ਕੇ ਆਣਾ ਪਿਆ ਤਾਂ ਇਨ੍ਹਾਂ ਨਾਗੋਕਿਆ ਆਦਿ ਜਥੇਦਾਰਾਂ ਵਿਚ ਬੜਾ ਜੋਸ਼ ਸੀ ਤੇ ਕੁਝ ਕਰ ਗੁਜ਼ਰਨ ਨੂੰ ਫਿਰਦੇ ਸਨ । ਪਰ ਪੰਡਤ ਨਹਿਰੂ ਦੀ ਹਿਕਮਤ ਅਮਲੀ ਨੇ ਸਰਕਾਰੀ ਮੈਂਬਰੀਆਂ ਅਤੇ ਵਜ਼ੀਰੀਆਂ ਦੇ ਬੂਹੇ ਖੋਲ ਕੇ ਇਕ ਚੁਟਕੀ ਵਿਚ ਇਨ੍ਹਾਂ ਨੂੰ ਰਾਮ ਕਰ ਦਿਤਾ ਅਤੇ ਸਾਰੇ ਦਾ ਸਾਰਾ ਜੋਸ਼ ਉਡਪੁਡ ਗਿਆ । ਅਜੇਹੇ ਦੁਮ ਦਬਾ ਕੇ ਮੈਂਬਰੀਆਂ ਵਲ ਨਸੇ ਤੇ ਜਾ ਕਾਂਗ੍ਰਸ ਵਿਚ ਵੜੇ ਕਿ ਪਿਛਾਂ ਪੰਥ ਵਲ ਮੁੜ ਕੇ ਤਕਿਆ ਤਕ ਨਹੀਂ । ਜਾਂਦੀ ਵਾਰੀ ਮਾਸਟ੍ਰ ਤਾਰਾ ਸਿੰਘ, ਜਿਸ ਨਾਲ ਮਿਲ ਕੇ ਪੰਥ ਪੰਥ ਕੂਕਦੇ ਅਤੇ ਢੇਰ ਸਮਾਂ ਸੇਵਾ ਕਰਦੇ ਰਹੇ, ਨੂੰ ਆਖਰੀ ਫਤਹ ਵੀ ਨਹੀਂ ਬੁਲਾਈ । ਉਸ ਤੋਂ ਬਾਅਦ



Digitized by Panjab Digital Library | www.panjabdigilib.org

ਉਸੇ ਮੂੰਹ ਨਾਲ ਕਾਂਗ੍ਰਸੀਆਂ ਦੀ ਬੋਲੀ ਬੋਲਦੇ ਰਹੇ ਤੇ ਪੰਥ ਦੀ ਡਟ ਕੇ ਵਿਰੋਧਤਾ ਕਰਦੇ ਰਹੇ, ਮਾਸਟ੍ਰ ਜੀ ਦੇ ਖੰਭ ਤੇ ਝੜ ਗਏ ਪਰ ਉਹ ਆਪਣੇ ਅਸੂਲ ਤੇ ਉਸੇ ਤਰ੍ਹਾਂ ਗੁਰੂ ਆਸਰੇ ਡਟੇ ਰਹੇ। ਜਿਹਾ ਕਿ ਉਪਰ ਕਥਨ ਕਰ ਚੁਕੇ ਹਾਂ ਕਿ ਗਿਆਨੀ ਕਰਤਾਰ ਸਿੰਘ ਵੀ ਇਨ੍ਹਾਂ ਨੂੰ ਦੇਖ ਕੇ ਵਜ਼ੀਰੀ ਦੇ ਚਕਰ ਵਿਚ ਪੈ ਕੇ ਮਾਸਟਰ ਜੀ ਨੂੰ ਉਹ ਵੀ ਜੁਲ ਦੇ ਗਏ।

ਨਾਗੋਕੇ ਜੁੰਡਲੀ ਅਤੇ ਫਿਰ ਗਿਆਨੀ ਕਰਤਾਰ ਸਿੰਘ ਹੁਰਾਂ ਦੇ ਮਾਸਟਰ ਜੀ ਨਾਲੋਂ ਕਟ ਜਾਣ ਤੋਂ ਬਾਅਦ ਸ੍ਰ: ਹੁਕਮ ਸਿੰਘ ਜੀ ਮਾਸਟਰ ਜੀ ਦੇ ਸੰਪਰਕ ਵਿਚ ਆਏ। ਸ੍ਰ: ਜੀ ਇਕ ਪੜ੍ਹੇ ਲਿਖੇ ਸਿਆਣੇ ਅਤੇ ਸੂਝ ਬੂਝ ਰਖਣ ਵਾਲੇ ਸੁਲਝੇ ਹੋਏ ਲਾਇਕ ਅਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਆਪ ਪਿਛੇ ਮਿੰਟਗੁਮਰੀ (ਪਾਕਿਸਤਾਨ) ਦੇ ਇਕ ਸਿਰ ਕਢ ਵਕੀਲ ਤੇ ਕਾਨੂੰਨਦਾਨ ਸਨ। ਆਪ ਨੇ ਪਾਕਿਸਤਾਨ ਤੋਂ ਆ ਕੇ ਕਪੂਰਥਲਾ ਰਿਆਸਤ ਵਿਚ (Settle) ਆਸਨ ਜਮਾਇਆ ਸੀ। ਅਤੇ ਮੇਰਾ ਖਿਆਲ ਹੈ ਕਿ ਆਪ ਰਿਆਸਤ ਵਿਚ ਕੁਝ ਚਿਰ ਸਰਕਾਰੀ ਜਜ ਵੀ ਰਹੇ ਹਨ। ਸਰਦਾਰ ਜੀ ਮਾਸਟਰ ਤਾਰਾ ਸਿੰਘ ਜੀ ਦੀ ਪੰਥਕ ਪਾਲਿਸੀ ਨਾਲ ਇਨ ਬਿਨ ਮੁਤਫਿਕ ਸਨ। ਮਾਸਟ੍ਰ ਜੀ ਦੀ ਪਾਲਿਸੀ ਕੇਵਲ ਇਤਨੀ ਹੀ ਸੀ (੧) ਖਾਲਸਾ ਪੰਥ ਦੀ ਆਜ਼ਾਦ ਹਸਤੀ ਕਾਇਮ ਰਹਿਵੇ ਅਤੇ ਅਕਾਲੀਦਲ ਜਾਂ ਹੋਰ ਕੋਈ ਪੰਥਕ ਪਾਰਟੀ ਹੀ ਇਸ ਦੀ ਅਗਵਾਈ ਕਰੇ। ਕਾਂਗ੍ਰਸ ਜਾਂ ਕਿਸੇ ਹੋਰ ਰਾਜਸੀ ਪਾਰਟੀ ਵਿਚ ਖਾਲਸਾ ਪੰਥ ਨੂੰ ਗੁਤ੍ਰੂਦ ਨ ਕਰ ਦਿਤਾ ਜਾਵੇ। (2) ਖਾਲਸਾ ਪੰਥ ਦਾ ਧਰਮ ਅਤੇ ਰਾਜਨੀਤੀ ਯਕਜਾ ਹਨ। ਭਾਵ ਧਾਰਮਕ ਸਟੇਜਾਂ ਉਤੇ ਪੰਥਕ ਸਿਆਸੀ ਵੀਚਾਰਾਂ ਹੋ ਸਕਦੀਆਂ ਹਨ ਤੇ ਹਾਜਨੀਤਕ ਲੈਕਚਰ ਵੀ ਦਿਤੇ ਜਾ ਸਕਦੇ ਹਨ। ਸ੍ਰ: ਜੀ ਇਨ੍ਹਾਂ ਗਲਾਂ ਨਾਲ ਪੂਰੀ ਤਰ੍ਹਾਂ ਮੁਤਫਿਕ ਸਨ। ਇਸੇ ਕਾਰਨ ਕਰਕੇ ਪਾਰਲੀਮੈਂਟ ਦੇ ਪੰਥਕ ਪਾਰਟੀ ਵਲੋਂ ਮੈਂਬਰ ਹੁੰਦਿਆਂ ਹੋਇਆਂ ਦੇਸ਼ ਦੇ ਸਮਵਿਧਾਨ (Constitution of India) ਉਤੇ ਪ੍ਰਵਾਨਗੀ ਵਜੋਂ ਹਸਤਾਖਸ਼ਰ ਨਹੀਂ ਸੀ ਕੀਤੇ, ਕਿਉਂਕਿ ਸੰਵਿਧਾਨ ਵਿਚ ਸਿਖਾਂ ਨੂੰ ਵਖਰੀ ਕੌਮ ਤਸਲੀਮ ਨਹੀਂ ਕੀਤਾ ਗਿਆ। ਅਤੇ ਨ ਹੀ ਸੰਵਿਧਾਨ ਵਿਚ ਸਿਖਾਂ ਦੀ ਸੁਰਖਿਆ ਦੀ ਕੋਈ ਗਲ ਹੈ ਅਤੇ ਹੁਣ ਤੀਕ ਸੰਵਿਧਾਨ ਸਿਖਾਂ ਵਲੋਂ ਮਨਿਆ ਨਹੀਂ ਗਿਆ। ਮਾਸਟਰ ਤਾਰਾ ਸਿੰਘ ਜੀ ਨੂੰ ਇਨ੍ਹਾਂ ਉਤੇ ਪੂਰਨ ਵਿਸ਼ਵਾਸ ਸੀ ਅਤੇ ਇਨ੍ਹਾਂ ਨੇ ਭੀ ਮਾਸਟ੍ਰ ਜੀ ਨੂੰ ਪੂਰਾ ਪੂਰਾ ਸਹਿਯੋਗ ਦਿਤਾ।



Digitized by Panjab Digital Library | www.panjabdigilib.org

ਜਦੋਂ ਸ੍ਰਦਾਰ ਵਲਭ ਭਾਈ ਪਟੇਲ ਦੇਸ਼ ਦੇ ਹੋਮ ਮਨਿਸਟਰ ਨੇ ਦੇਸ਼ ਦੀ ਕੋਈ ੫੦੦ ਤੋਂ ਵਧ ਛੋਟੀਆਂ ਵਡੀਆਂ ਰਿਆਸਤਾਂ ਨੂੰ ਜੋੜ ਕੇ ਇਕ ਵਖਰੀ ਸਟੇਟ ਰਾਜਸਥਾਨ ਬਣਾ ਦਿਤੀ ਉਸ ਵੇਲੇ ਪੰਜਾਬ ਦੀਆਂ ੬/੭ ਸਟੇਟਾਂ ਨੂੰ ਵੀ ਇਕਠਾ ਕਰ ਕੇ ਇਕ ਸਟੇਟ ਬਣਾਈ ਗਈ ਜਿਸ ਦਾ ਨਾਂ ਪੈਪਸੂ (P.E P.S.U. Patiala & East Punjab States Union) ਰਖ ਦਿਤਾ ਗਿਆ। ਇਹ ਰਿਆਸਤਾਂ ਸਾਰੀਆਂ ਹੀ ਸਿਖਾਂ ਦੀਆਂ ਸਨ ਅਤੇ ਸਿਖ ਗੁਰੂਆਂ ਦੀ ਕ੍ਰਿਪਾ ਅੰਤ ਬਖਸ਼ਸ਼ ਨਾਲ ਬਣਾਈਆਂ ਗਈਆਂ ਸਨ। ਪਟਿਆਲਾ ਸਟੇਟ ਦੇ ਰਿਆਸਤੀ ਝੰਡੇ ਤੇ ਤਾਂ ਗੁਰਵਾਕ **"ਤੇਰਾ ਘਰ ਸੁ ਮੇਰਾ ਅਸੈ"** ਲਿਖਿਆ ਹੋਇਆ ਹੁੰਦਾ ਸੀ। ਜਦੋਂ ਪੈਪਸੂ ਬਣੀ ਤਾਂ ਸ੍ਰ. ਹੁਕਮ ਸਿੰਘ ਵੀ ਇਸੇ ਪੈਪਸੂ ਵਿਚ ਆ ਗਏ। ਆਪ ਕਪੂਰਥਲਿਓਂ ਪੰਥਕ ਟਿਕਟ ਤੇ ਚੋਣ ਲੜ ਕੇ ੧੯੫੨ ਵਿਚ M.P. ਬਣੇ ਸਨ। ਮਾਸਟਰ ਤਾਰਾ ਸਿੰਘ ਜੋ ਸ੍ਰੋ: ਅਕਾਲੀਦਲ ਦੇ ਪ੍ਰਧਾਨ ਸਨ, ਨੇ ਸ੍ਰ: ਹੁਕਮ ਸਿੰਘ ਨੂੰ ਪੈਪਸੂ ਅਕਾਲੀ ਦਲ ਦਾ ਪ੍ਰਧਾਨ ਬਣਾ ਦਿਤਾ। ਸਿਖ ਸੰਗਤਾਂ ਵਿਚ ਆਪ ਹਰ-ਦਿਲ ਅਜ਼ੀਜ਼ ਬਣ ਗਏ। ਸੰਗਤਾਂ ਵਿਚ ਆਪ ਦੀ ਕਦਰ ਬਹੁਤ ਵਧ ਗਈ।

ਰਿਜਨਲ ਫਾਰਮੂਲਾ ਤੇ ਬਣ ਗਿਆ ਪਰ ਉਸ ਤੇ ਸਰਕਾਰ ਨੇ ਅਮਲ ਕੋਈ ਨ ਕਰਵਾਇਆ ਅਤੇ ਸਿਖਾਂ ਦਾ ਜੋ ਕੁਝ ਥੋੜਾ ਬਹੁਤ ਬਣ ਸਕਣਾ ਸੀ, ਕੁਝ ਵੀ ਨ ਬਣਿਆ। ਇਸ ਤੋਂ ਸ੍ਰ: ਹੁਕਮ ਸਿੰਘ ਜੀ ਦੇ ਮਨ ਵਿਚ ਪੰਜਾਬੀ ਸੂਬੇ ਦਾ ਫੁਰਨਾ ਫੁਰਿਆ। ਉਨ੍ਹੀ ਦਿਨੀ ਸਾਰੇ ਦੇਸ਼ ਵਿਚ ਭਾਸ਼ਾਈ ਸੂਬੇ (Linguistic Provinces) ਬਣਾਏ ਜਾ ਰਹੇ ਸਨ। ਇਸ ਵਾਸਤੇ ਸ੍ਰ. ਹੁਕਮ ਸਿੰਘ ਜੀ ਨੇ ਪੰਜਾਬੀ ਸੂਬੇ ਦੀ ਵਿਧਾਨਕ ਤੇ ਹਕੀ ਮੰਗ ਰਖਣ ਲਈ ਮਾਸਟ੍ਰ ਤਾਰਾ ਸਿੰਘ ਅਗੇ ਤਜਵੀਜ਼ ਰਖੀ। ਮਾਸਟ੍ਰ ਜੀ ਤੇ ਹੋਰ ਸਾਰੇ ਅਕਾਲੀ ਲੀਡਰਾਂ ਨੇ ਅਪਣਾ ਲਈ ਤੇ ਇਸ ਮੰਗ ਬਾਰੇ ਸੰਗਤਾਂ ਵਿਚ ਜਾਗ੍ਰਤੀ ਪੈਦਾ ਕਰਨ ਹਿਤ ਪ੍ਰਚਾਰ ਸ਼ੁਰੂ ਕਰ ਦਿਤਾ। ਇਹ ਨ ਖਾਲਿਸਤਾਨ ਦੀ ਮੰਗ ਸੀ ਤੇ ਨ ਸਿਖ ਸਟੇਟ ਦੀ, ਇਹ ਭਾਰਤ ਯੂਨੀਅਨ ਵਿਚ ਰਹਿ ਕੇ ਹੋਰਾਂ ਸੂਬਿਆਂ ਵਾਂਗ ਇਕ ਪੰਜਾਬੀ ਭਾਸ਼ਾ ਦਾ ਸੂਬਾ ਸੀ। ਪੰਜਾਬੀ ਭਾਸ਼ਾ ਵੀ ਦੇਸ਼ ਦੇ ਸੰਵਿਧਾਨ ਵਿਚ ਮਨੀਆਂ ਹੋਈਆਂ ੧੪ ਭਾਸ਼ਾਵਾਂ ਵਿਚ ਇਕ ਭਾਸ਼ਾ (ਬੋਲੀ) ਹੈ।

ਪੰਜਾਬੀ ਸੂਬੇ ਦੇ ਇਸ਼ੂ ਤੇ ਇਕ ਬੜੀ ਭਾਰੀ ਆਲ ਇੰਡੀਆ ਅਕਾਲੀ



Digitized by Panjab Digital Library / www.panjabdigilib.org

ਕਾਨਫ੍ਰੰਸ ਕੀਤੀ ਗਈ, ਜਿਸ ਵਿਚ ਸ੍ਰ: ਹੁਕਮ ਸਿੰਘ ਜੀ ਨੇ ਆਪਣੇ ਪ੍ਰਧਾਨਗੀ ਐਡ੍ਰੈਸ ਵਿਚ ਖੂਬ ਖੋਲ੍ਹ ਕੇ ਪੰਜਾਬੀ ਸੂਬੇ ਦੀ ਵਜ਼ਾਰਤ ਕੀਤੀ ਅਤੇ ਦਸਿਆ ਕਿ ਸਿਖਾਂ ਦੀ ਸੁਰਖਿਆ ਲਈ ਇਸ ਦੇਸ਼ ਵਿਚ ਪੰਜਾਬੀ ਸੂਬਾ ਹੀ ਇਕ ਬਕਾਅ (ਹਲ) ਹੈ। ਸ੍ਰ: ਹੁਕਮ ਸਿੰਘ ਜੀ ਨੇ ਆਪਣੇ ਪ੍ਰਧਾਨੀ ਐਡ੍ਰੈਸ ਵਿਚ ਉਸ ਭੈੜੇ ਸਰਕਾਰੀ ਖੁਫੀਆ ਸਰਕੂਲਰ ਦਾ ਵੀ ਇਨਕਸ਼ਾਫ ਕੀਤਾ ਸੀ ਜੋ ਦੇਸ਼ ਦੀ ਕੇਂਦਰੀ ਸਰਕਾਰ ਨੇ ਸਿਖਾਂ ਵਿਰੁਧ ਕਢਿਆ ਸੀ ਅਤੇ ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹਿਦਾਇਤ ਕੀਤੀ ਗਈ ਸੀ ਕਿ ਸਿਖਾਂ ਤੇ ਕੜੀ ਨਜ਼ਰ ਰਖੀ ਜਾਏ। ਉਸ ਬਦਨਾਮ ਸਰਕੂਲਰ ਵਿਚ ਸਾਰੀ ਸਿਖ ਕੌਮ ਨੂੰ ਗੁੰਡੇ, ਬਦਮਾਸ਼, ਜ਼ਾਨੀ, ਚੋਰ, ਡਾਕੂ, ਜ਼ਾਲਮ ਆਦਿ ਨਿੰਦਨੀਆਂ ਵਸ਼ੇਸ਼ਣਾਂ ਨਾਲ ਯਾਦ ਕੀਤਾ ਗਿਆ ਸੀ। ਅਤੇ ਉਸ ਸਰਕੂਲਰ ਉਤੇ ਕਿਸੇ ਪਾਮਰ ਮਰਦੂਦ ਕੁਰਸੀਪ੍ਰਸਤ ਸਿਖ ਵਜ਼ੀਰ ਦੇ ਦਸਖਤ ਕਰਵਾਏ ਗਏ ਸਨ। ਉਹ ਸਰਕੂਲਰ ਦੇਸ਼ ਦੀ ਕਾਂਗ੍ਰਸ ਸਰਕਾਰ ਦੇ ਲੀਡਰਾਂ ਦੀ ਸਿਖ ਪੰਥ ਪ੍ਰਤਿ ਭਿਆਨਕ ਕੁਟਲ ਜ਼ਹਿਨੀਅਤ ਤੇ ਨੀਤੀ ਦਾ ਪ੍ਰਗਟਾਵਾ ਸੀ। ਸ੍ਰ. ਹੁਕਮ ਸਿੰਘ ਜੀ ਦੀਆਂ ਪੰਥਕ ਸਰਗਰਮੀਆਂ ਨਾਲ ਸਿਖ ਸੰਗਤਾਂ ਤੇ ਭਾਰੀ ਪ੍ਰਭਾਵ ਪੈਂਦਾ ਗਿਆ ਅਤੇ ਸਿਖ ਸੰਗਤਾਂ ਵਿਚ ਆਪ ਜੀ ਦੀ ਕਦਰ ਤੇ ਕੀਮਤ ਵਧਦੀ ਗਈ। ਉਧਰ ਸਰਕਾਰੀ ਕਾਂਗ੍ਰਸੀ ਲੀਡਰਾਂ ਦੀ ਦਿਲ ਦੀ ਧੜਕਣ ਵਿਚ ਵੀ ਵਾਧਾ ਹੁੰਦਾ ਗਿਆ। ਪੰਥ ਵਿਚ ਜਿਹੜਾ ਖਲਾਅ (Gap) ਪੁਰਾਣੇ ਅਕਾਲੀ ਲੀਡਰਾਂ ਦੇ ਕੁਰਸੀਆਂ ਦੇ ਲੋਭ ਕਰ ਕੇ ਕਾਂਗ੍ਰਸ ਵਿਚ ਚਲੇ ਜਾਣ ਨਾਲ ਪੈਦਾ ਹੋ ਗਿਆ ਸੀ ਉਹ ਸ੍ਰ. ਹੁਕਮ ਸਿੰਘ ਜੀ ਨੇ ਭਰ ਦਿਤਾ। ਕੌਮ ਵਿਚ ਮੁੜ ਆਸ਼ਾ ਆ ਗਈ ਤੇ ਪੰਥ ਇਕ ਹੋਣ ਲਗ ਪਿਆ। ਆਮ ਸੰਗਤਾਂ ਦੇ ਦਿਲਾਂ ਵਿਚ ਇਹ ਵੀਚਾਰ ਘਰ ਕਰ ਗਿਆ ਸੀ ਕਿ ਮਾਸਟ੍ਰ ਤਾਰਾ ਸਿੰਘ ਜੀ ਤਾਂ ਬ੍ਰਿਧ ਹੋ ਚਲੇ ਹਨ! ਸਮਾਂ ਪੈਣ ਤੇ ਉਨ੍ਹਾਂ ਦੀ ਥਾਂ ਸੰਭਾਲਣ ਲਈ ਸ੍ਰ. ਹੁਕਮ ਸਿੰਘ ਜੀ ਪੂਰੇ ਫਿਟ ਹਨ।

ਉਧਰ ਕਾਂਗ੍ਰਸੀਆਂ ਦਾ ਤੌਖਲਾ ਵਧਣ ਲਗਾ। ਉਨ੍ਹਾਂ ਕਾਂਗ੍ਰਸੀ ਹੁਕਮਰਾਨਾਂ ਨੇ ਪੰਜਾਬੀਆਂ ਤੇ ਰੁਅਬ ਪਾਣ ਲਈ ਆਲ ਇੰਡੀਆ ਕਾਂਗ੍ਰਸ ਕਮੇਟੀ ਦਾ ਅਧੀਵੇਸ਼ਨ ਫਰਵਰੀ ੧੯੫੬ ਵਿਚ ਸ੍ਰੀ ਅੰਮ੍ਰਿਤਸਰ (ਪੰਜਾਬ) ਵਿਚ ਰਖ ਦਿਤਾ। ਇਧਰ ਪੰਜਾਬ ਵਿਚ ਅਕਾਲੀਆਂ ਵਿਚ ਵੀ ਬਹੁਤ ਜੋਸ਼ ਸੀ। ਸ੍ਰ. ਹੁਕਮ ਸਿੰਘ ਨੇ ਮਾਸਟਰ ਤਾਰਾ ਸਿੰਘ ਨੂੰ ਅਖਵਾ ਕੇ ਮੁਕਾਬਲੇ ਤੇ ਆਲ-



Digitized by Panjab Digital Library | www.panjabdigilib.org

ਇੰਡੀਆ ਅਕਾਲੀ ਕਾਨਫ੍ਰੰਸ ਵੀ ਉਥੇ ਕੋਲ ਹੀ ਰਖਾ ਦਿਤੀ। ਸਮਾਂ ਭਾਵੇਂ ਥੋੜਾ ਸੀ ਪਰ ਅਕਾਲੀਆਂ ਨੇ ਹਿਮਤ ਕਰਕੇ ਸਭ ਪਾਸੇ ਦੇਸ਼ ਬਦੇਸ਼ ਵਿਚ ਖਬਰਾਂ ਭੇਜ ਦਿਤੀਆਂ ਤੇ ਸਾਰਾ ਖਾਲਸਾ ਪੰਥ ਵਹੀਰਾਂ ਪਾ ਪਾ ਕੇ ਉਮਡ ਉਮਡ ਕੇ ਆ ਗਿਆ। ਰੁਪੈ, ਚੈਕ, ਡ੍ਰਾਫਟ ਧੜਾ ਧੜ ਇਸ ਮੁਕਾਬਲੇ ਦੀ ਕਾਨਫੰਸ ਲਈ ਦੇਸ਼ਾਂ ਬਦੇਸ਼ਾਂ ਤੋਂ ਆਣੇ ਸ਼ੁਰੂ ਹੋ ਗਏ। (ਦਾਸ ਲੇਖਕ ਉਸ ਵੇਲੇ ਅਕਾਲੀ ਦਲ ਦੇ ਦਫਤ੍ਰ ਵਿਚ ਕੈਸ਼ ਦੀ ਸੰਭਾਲ ਤੇ ਲਗਾ ਹੋਇਆ ਸੀ) ਦੋਵਾਂ ਕਾਨਫ੍ਰੰਸਾਂ ਦੇ ਪਿੰਡਾਲ ਨਾਲ ਨਾਲ ਹੀ ਕੇਵਲ ਦੋ ਕੁ ਫਰਲਾਂਗ ਦੀ ਵਿਥ ਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪਿਛਲੇ ਪਾਸੇ ਖੇਤਾਂ ਵਿਚ ਸਨ। ਪਹਿਲਾਂ ਕਾਂਗ੍ਰਸ ਦੇ ਪ੍ਰਧਾਨ ਸ੍ਰੀ ਧੇਬਰ ਦਾ ਜਲੂਸ ਨਿਕਲਿਆ। ਹਾਜ਼ਰੀ ਇਤਨੀ ਘਟ ਕਿ ਬਹੁਤ ਫਿਕਾ ਜਿਹਾ ਜਲੂਸ ਸੀ। ਆਮ ਪੰਜਾਬੀਆਂ ਨੇ ਉਨਾਂ ਨਾਲ ਦਿਲਚਸਪੀ ਨਹੀਂ ਲਈ। ਬਾਹਰੋਂ ਬਹੁਤ ਘਟ ਬੰਦੇ ਉਨ੍ਹਾਂ ਨਾਲ ਆਏ। ਫਿਰ ੧੧ ਫਰਵਰੀ ੧੯੫੬ ਨੂੰ ਖਾਲਸਾ ਪੰਥ ਦਾ ਜਲੂਸ ਨਿਕਲਿਆ। ਜਲੂਸ ਸੀ ਕਿ ਸਿਖ ਸੰਗਤਾਂ ਦੇ ਸਿਰਾਂ ਦਾ ਠਾਠਾਂ ਮਾਰਦਾ ਕੋਈ ਸਾਗਰ ਉਮਡ ਆਇਆ ਸੀ। ਸ੍ਰੋ. ਅਕਾਲੀ ਦਲ ਦੇ ਪ੍ਰਧਾਨ ਮਾਸਟ੍ਰ ਤਾਰਾ ਸਿੰਘ ਤੇ ਸ੍ਰ. ਹੁਕਮ ਸਿੰਘ ਪੈਪਸੂ ਅਕਾਲੀ ਦਲ ਦੇ ਪ੍ਰਧਾਨ ਦੋਵੇਂ ਇਕ ਸਜੇ ਹੋਏ ਹਾਥੀ ਦੀ ਅੰਬਾਰੀ ਵਿਚ ਬੈਠੇ ਸਨ। ਸਵੇਰੇ ੮ ਵਜੇ ਜਲੂਸ ਬਾਬਾ ਫੂਲਾ ਸਿੰਘ ਦੇ ਬੁਰਜ ਤੋਂ ਅਰੰਭ ਹੋਇਆ ਅਤੇ ਲਗਾਤਾਰ (Non stop) ਦਿਨ ਦੇ ੩ ਵਜੇ ਤਕ ਪੰਡਾਲ ਤੀਕਨ ਜਲੂਸ ਚਲਦਾ ਹੀ ਰਿਹਾ। ਇਕ ਸਿਰਾ ਅਰੰਭ ਤੇ ਅਤੇ ਦੂਜਾ ਸਿਰਾ ਅਖੀਰ ਤੇ ਸੀ। ਪਹਿਲਾਂ ਚਾਰ ਚਾਰ ਦੀ ਗਿਣਤੀ ਵਿਚ ਚਲਾਏ ਗਏ ਫਿਰ ਜਦੋਂ ਸੰਗਤਾਂ ਦਾ ਹੜ ਆਂਦਾ ਗਿਆ ਤਾਂ ੮-੮ ਕਰ ਦਿਤੇ ਮਗਰੋਂ ਤਿੰਨ ਵਜੇ ਫਿਰ ਖੁਲ ਕਰ ਦਿਤੀ ਕਿ ਜਿਵੇਂ ਮਰਜ਼ੀ ਹੈ ਪਹੁੰਚਣ। ਜਲੂਸ ਬੜਾ ਸ਼ਾਂਤ ਤੇ ਡਿਸਿਪਲਨ ਵਿਚ ਸੀ। "ਪੰਜਾਬੀ ਸੂਬਾ ਬਣ ਕੇ ਰਹੇਗਾ" "ਸ੍ਰੋ: ਅਕਾਲੀ ਦਲ ਜ਼ਿੰਦਾਬਾਦ" "ਰਾਜ ਕਰੇਗਾ ਖਾਲਸਾ" "ਮਾਸਟ੍ਰ ਤਾਰਾ ਸਿੰਘ ਜ਼ਿੰਦਾ ਬਾਦ" ਤੇ "ਸ੍ਰ. ਹੁਕਮ ਸਿੰਘ ਜ਼ਿੰਦਾ ਬਾਦ" ਦੇ ਨਾਅਰਿਆਂ ਤੋਂ ਸਵਾ ਹੋਰ ਕੋਈ ਭੜਕਾਊ ਨਾਅਰਾ ਨਹੀਂ ਸੀ ਲਾਇਆ ਗਿਆ। ਸਵੇਰੇ ੮ ਵਜੇ ਤੋਂ ੩ ਵਜੇ ਤਕ ਸਾਰੀ ਟ੍ਰੈਫਿਕ ਠਪ ਰਹੀ। ਅਜਿਹਾ ਤਾਰੀਖੀ ਜਲੂਸ ਲੇਖਕ ਨੇ ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਡਿਠਾ। ਸ਼ਾਮ ਦੇ ੪ ਵਜੇ ਕਾਨਫ੍ਰੰਸ ਦੇ ਪਿੰਡਾਲ ਵਿਚ ਸਿੰਘਾਂ ਦੇ ਬਹੁਤ ਭਾਰੀ ਇਕਠ ਵਿਚ ਸ੍ਰ: ਹੁਕਮ



Digitized by Panjab Digital Library | www.panjabdigilib.org

ਸਿਘ ਜੀ ਨੇ ਝੰਡਾ ਲਹਿਰਾਣ ਦੀ ਰਸਮ ਅਦਾ ਕੀਤੀ। ਉਸ ਸਮੇ ਜੋ ਤਕਰੀਰ ਸ੍ਰ: ਜੀ ਨੇ ਕੀਤੀ ਉਹ ਇਕ ਮਾਅਰਕੇ ਦੀ ਸਪੀਚ ਸੀ। ਉਸ ਵਿਚ ਸ੍ਰ. ਹੁਕਮ ਸਿੰਘ ਜੀ ਨੇ ਬੜੇ ਪ੍ਰਭਾਵਸ਼ਾਲੀ ਤ੍ਰੀਕੇ ਨਾਲ ਪੰਜਾਬੀ ਸੂਬੇ ਦੀ ਵਜ਼ਾਹਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਸੂਬਾ ਹੀ ਸਿਖਾਂ ਦੀ ਬਕਾਅ ਦਾ ਹਲ ਰਹਿ ਗਿਆ ਹੈ ਅਤੇ ਜਿਵੇਂ ਦੇਸ਼ ਵਿਚ ਹੋਰ ਭਾਸ਼ਾਈ ਸੂਬੇ ਬਣਾਏ ਜਾ ਰਹੇ ਹਨ ਉਸੇ ਵਿਧਾਨ ਵਿਚ ਪੰਜਾਬੀ ਸੂਬਾ ਬਣ ਕੇ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖ ਇਕ ਮਹਾਨ ਗੁਰੂ ਸਾਹਿਬਾਨ ਦੀ ਸਜਾਈ ਹੋਈ ਆਪਣੇ ਵਖਰੇ ਗੁਰਮਤੀ ਅਸੂਲਾਂ ਵਾਲੀ ਇਕ ਨਿਆਰੀ ਕੌਮ ਹੈ। ਇਸ ਨੂੰ ਆਪਣੀ ਹੋਂਦ ਕਾਇਮ ਰਖਣੀ ਹੀ ਪਵੇਗੀ। ਇਹ ਘਟ ਗਿਣਤੀ ਹੋਣ ਦੇ ਨਾਤੇ ਦੇਸ਼ ਦੀ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਇਸ ਦੀ ਸੁਰਖਿਆ ਦਾ ਉਚੇਚਾ ਧਿਆਨ ਦੇਵੇ। ਸ੍ਰਦਾਰ ਜੀ ਦੀ ਤਕਰੀਰ ਵੇਲੇ ਲਾਊਡ ਸਪੀਕਰ ਦੇ ਧੂਤਿਆਂ ਦਾ ਮੂੰਹ ਸਿਧਾ ਕਾਂਗ੍ਰਸ ਦੇ ਕੈਂਪ ਵਲ ਕੀਤਾ ਹੋਇਆ ਸੀ ਜੋ ਦੋ ਕੁ ਫਰਲਾਂਗ ਤੇ ਸੀ। ਉਥੇ ਬੈਠੇ ਕਾਂਗ੍ਰਸੀ ਉਚੇ ਨੇਤਾ ਪੰਡਤ ਨਹਿਰੂ, ਮੌਲਾਨਾ ਅਜ਼ਾਦ, ਪੰਡਤ ਪੰਤ ਤੇ ਹੋਰ ਸਾਰੇ ਲੀਡਰਾਂ ਨੇ ਕੰਨ ਖੋਲ ਕੇ ਸ੍ਰ: ਹੁਕਮ ਸਿੰਘ ਜੀ ਦੀ ਤਕਰੀਰ ਸੁਣੀ। ਉਸ ਵੇਲੇ ਤੋਂ ਹੀ ਕਾਂਗ੍ਰਸੀ ਉਚ ਨੇਤਾਵਾਂ ਦੇ ਢਿਡੀਂ ਵਲ ਪੈਣੇ ਸ਼ੁਰੂ ਹੋ ਗਏ। ਅਜਲਾਸ ਦੋਵੇਂ ਖਤਮ ਹੋਏ ਅਤੇ ਲੀਡਰ ਤੇ ਹੋਰ ਲੋਕ ਘਰੋਂ ਘਰੀ ਚਲੇ ਗਏ। ਕਾਂਗ੍ਰਸੀ ਆਏ ਤਾਂ ਸਨ ਸਿਖਾਂ ਤੇ ਰੁਅਬ ਪਾਣ ਵਾਸਤੇ ਪਰ ਉਲਟਾ ਸਿਖਾਂ ਦਾ ਡਿਸਪਲਨ, ਸਿਖਾਂ ਦੀ ਏਕਤਾ ਤੇ ਮਹਾਨ ਇਕੱਠ ਦੇਖ ਕੇ ਰੁਅਬ ਪਵਾ ਕੇ ਗਏ।

ਪੰਡਤ ਨਹਿਰੂ ਜੀ ਉਸ ਦਿਨ ਤੋਂ ਚਿੰਤਾ ਵਿਚ ਡੁਬ ਗਏ। ਘਰ ਜਾ ਕੇ ਵੀ ਕਈ ਰਾਤਾਂ ਉਨ੍ਹਾਂ ਨੂੰ ਨੀਂਦਰ ਨਹੀਂ ਪਈ। ਮੁੜ ਮੁੜ ਕੇ ਸਿਖਾਂ ਦਾ ਮਹਾਨ ਜਲੂਸ ਅਖਾਂ ਸਾਹਮਣੇ ਆਵੇ, ਕੰਨਾਂ ਵਿਚ ਉਨਾਂ ਦੀਆਂ ਤਕਰੀਰਾਂ ਗੂੰਜਣ। ਨੀਂਦ ਹਰਾਮ ਹੋ ਗਈ। ਬਸ ਇਹ ਹੀ ਸੋਚਦੇ ਰਹੇ ਸਿਖਾਂ ਨੂੰ ਕਿਵੇਂ ਪਾੜਿਆ ਜਾਏ।

ਉਧਰ ੧੯੫੭ ਦੀ ਜਨਰਲ ਈਲੈਕਸ਼ਨ ਆ ਗਈ, ਉਸ ਵਿਚ ਸ: ਹੁਕਮ ਸਿੰਘ ਜੀ ਆਪਣੀ ਕਪੂਰਥਲੇ ਵਾਲੀ ਸੀਟ ਤੋਂ ਪੰਜਾਬੀ ਸੂਬੇ ਦੇ ਇਸ਼ੂ ਤੇ ਭਾਰੀ ਗਿਣਤੀ ਵਿਚ ਵੋਟਾਂ ਨਾਲ ਕਾਮਯਾਬ ਹੋ ਗਏ। ਹੁਣ ਪੰਡਤ ਜੀ ਸਿੱਖਾਂ ਦੀ ਯਕਜਹਿਤੀ ਅਤੇ ਸ: ਹੁਕਮ ਸਿੰਘ ਵਰਗੇ ਸਿਆਣੇ ਪੰਥਕ ਆਗੂ ਦੀਆਂ



Digitized by Panjab Digital Library | www.panjabdigilib.org

ਸਰਗਰਮੀਆਂ ਤੋਂ ਹੋਰ ਵੀ ਬੇਚੈਨ ਹੋ ਗਏ ਅਤੇ ਦਿਨ-ਰਾਤ ਸੋਚਣ ਲਗੇ ਕਿ ਸਿਖਾਂ ਨੂੰ ਕਿਵੇਂ ਪਾੜਿਆ ਜਾਏ । ਉਹ ਇਹ ਭਲੀ ਪ੍ਰਕਾਰ ਜਾਣਦੇ ਸਨ ਕਿ **ਜੇ ਸਿੱਖਾਂ ਦੀ ਏਕਤਾ ਹੋ ਜਾਏ, ਤਾਂ ਦੇਸ਼ ਵਿਚ ਕਿਸੇ ਹੋਰ ਦਾ ਰਾਜ ਚਲ ਹੀ ਨਹੀਂ ਸਕਦਾ ।** ਪੰਡਤ ਜੀ ਨੂੰ ਇਹ ਵੀ ਪਤਾ ਸੀ ਕਿ ਮਾਸਟਰ ਤਾਰਾ ਸਿੰਘ ਜੀ ਨੂੰ ਪੰਥ ਨਾਲੋਂ ਉਖੇੜਨਾ ਅਸੰਭਵ ਜਿਹਾ ਜਤਨ ਹੈ । ਇਸ ਵਾਸਤੇ ਉਨ੍ਹਾਂ ਸੋਚਿਆ ਕਿ ਸ: ਹੁਕਮ ਸਿੰਘ ਜਿਹੇ ਨੀਤੀਵਾਨ ਨੂੰ ਮਾਸਟਰ ਜੀ ਨਾਲੋਂ ਤੋੜਨ ਦਾ ਜਤਨ ਕਰਕੇ ਦੇਖ ਲਈਏ ।

ਜਿਵੇਂ ਔਰੰਗਜ਼ੇਬ ਬਾਦਸ਼ਾਹ ਭਾਈ ਨੰਦ ਲਾਲ ਦੀ profound ਲਿਆ-ਕਤ ਨੂੰ ਦੇਖ ਕੇ ਉਨ੍ਹਾਂ ਨੂੰ ਆਪਣੇ ਵਲ ਖਿਚਣ ਲਗਾ, ਪਰ ਭਾਈ ਸਾਹਿਬ ਜੀ ਭਜ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿਚ ਸ੍ਰੀ ਅਨੰਦ ਪੁਰ ਸਾਹਿਬ ਪਹੁੰਚ ਗਏ ਸਨ ।

## ਮਾਇਆ ਦਾ ਝੋਲਾ

ਇਕ ਦਿਨ ਪੰਡਤ ਜਵਾਹਰ ਲਾਲ ਨਹਿਰੂ ਨੇ ਸ: ਹੁਕਮ ਸਿੰਘ ਜੀ ਨੂੰ ਆਪਣੇ ਦਫਤਰ ਵਿਚ ਬੁਲਾਇਆ । ਸ੍ਰ: ਜੀ ਐਮ. ਪੀ. ਤੇ ਸਨ ਹੀ । ਪੰਡਤ ਜੀ ਨੇ ਸ: ਜੀ ਨੂੰ ਬੜਾ ਆਦਰ ਤੇ ਸਤਿਕਾਰ ਦਿਤਾ । ਦੋਹਾਂ ਨੇਤਾਵਾਂ ਵਿਚ ਬੜੇ ਪ੍ਰੇਮ ਪਿਆਰ ਦੇ ਮਾਹੌਲ ਵਿਚ ਗਲਾਂ ਬਾਤਾਂ ਹੋਈਆਂ । ਇਕ ਦੂਜੇ ਦੀ ਕੁਸ਼ਲ-ਸਾਂਦ ਪੁਛੀ । ਸ੍ਰ: ਜੀ ਨੂੰ ਠੰਡਾ ਤਤਾ ਪੀਣ ਵਾਸਤੇ ਵੀ offer ਕੀਤਾ ਗਿਆ । ਪ੍ਰੇਮ ਪਿਆਰ ਦੀਆਂ ਗਲਾਂ ਬਾਤਾਂ ਵਿਚ ਪੰਡਤ ਨਹਿਰੂ ਜੀ ਨੇ ਸ੍ਰ: ਹੁਕਮ ਸਿੰਘ ਦੀ ਕਾਬਲੀਅਤ ਦੀ ਬੜੀ ਪ੍ਰਸੰਸਾ ਕੀਤੀ ਤੇ ਆਖਿਆ :

ਪੰਡਤ ਜੀ—ਸ੍ਰ: ਹੁਕਮ ਸਿੰਘ ਜੀ ! ਅਗਰ ਆਪਕੋ ਲੋਕ ਸਭਾ ਕਾ ਡਿ: ਸਪੀਕਰ ਬਨਾ ਦੀਆ ਜਾਏ । ਤੋ ਕਿਆ ਆਪ Accept ਕਰ ਲੇਂਗੇ ।

ਸ੍ਰ: ਹੁਕਮ ਸਿੰਘ—(ਚੌਂਕ ਕੇ) ਹੈਂ, ਪੰਡਤ ਜੀ ! ਯਿਹ ਕੈਸੇ ਹੋ ਸਕਤਾ ਹੈ । ਗੌਰਨਮੈਂਟ ਆਪ ਕਾਂਗ੍ਰਸੀਓ ਕੀ ਔਰ ਮੈ ਖਾਲਸਾ ਪੰਥ ਕਾ ਸਿਪਾਹੀ ਆਪਕਾ ਵਿਰੋਧੀ । ਕਿਆ ਮੈ ਅਕਾਲੀ ਦਲ ਛੋੜ ਕਰ ਕਾਂਗ੍ਰਸ ਮੈ ਆ ਜਾਉਂ ? ਯਿਹ ਕਭੀ ਨਹੀਂ ਹੋ ਸਕਤਾ । ਆਪ ਕੋਈ ਔਰ ਬਾਤ ਕਰੇਂ ।

ਪੰਡਤ ਜੀ—ਸ੍ਰ: ਜੀ ਆਪ ਕਿਉਂ ਘਬਰਾ ਗਏ ਹੈਂ । ਆਪ ਕੋ ਕਿਸ ਨੇ ਕਹਾ ਕਿ ਆਪ ਅਕਾਲੀ ਦਲ ਛੋੜੇ । ਆਪ ਅਕਾਲੀ ਔਰ ਪਕੇ ਅਕਾਲੀ ਬਨੇ ਰਹੇਂ । ਅਕਾਲੀ ਪਾਰਟੀ ਕਾ ਨੇਤ੍ਰਤਵ ਜ਼ੋਰ ਸ਼ੋਰ ਸੇ ਕਰਤੇ



Digitized by Panjab Digital Library | www.panjabdigilib.org

ਜਾਏਂ । ਹਮ ਡਿ: ਸਪੀਕਰੀ ਕੀ ਪੋਸਟ ਪਰ ਵਿਰੋਧੀ ਦਲ ਕਾ ਮੈਂਬਰ ਭਰਤੀ ਕਰ ਸਕਤੇ ਹੈਂ । ਹਮੇਂ ਕੋਈ ਫਰਕ ਨਹੀਂ ਪੜਤਾ ।

ਸ੍ਰ: ਜੀ—ਤੇ ਫਿਰ ਮੁਝੇ ਡਿ: ਸਪੀਕਰ ਹੋਤੇ ਹੂਏ ਅਕਾਲੀ ਦਲ ਨਹੀਂ ਛੋੜਨਾ ਪੜੇਗਾ ?

ਪੰ: ਜੀ—ਨਹੀਂ, ਬਿਲਕੁਲ ਨਹੀਂ ।

(ਸ: ਜੀ ਦਾ ਮਥਾ ਚਮਕਿਆ ਤੇ ਸੋਚਣ ਲਗੇ ਕਿ ਜੇ ਮੈਂ ਭਾਰਤ ਸਰਕਾਰ ਦਾ ਡਿਪਟੀ ਸਪੀਕਰ ਵੀ ਬਣ ਜਾਵਾਂ ਤੇ ਅਕਾਲੀ ਦਲ ਵੀ ਨਾ ਛਡਾਂ । ਗਲ ਤੇ ਬੜੀ ਚੰਗੀ ਹੈ, ਸੋਚ ਕੇ ਆਖਣ ਲਗੇ)

ਸ: ਜੀ—ਅਛਾ ਪੰਡਤ ਜੀ ! ਮੈਨੂੰ ਤੇ ਕੋਈ ਇਤਰਾਜ਼ ਨਜ਼ਰ ਨਹੀਂ ਆਂਦਾ, ਪਰ ਮੈਂ ਆਪਣੇ ਵਡੇ ਲੀਡਰ ਮਾਸਟਰ ਤਾਰਾ ਸਿੰਘ ਪਾਸੋਂ ਪੁਛ ਲਵਾਂ ?

ਪੰ: ਜੀ—ਬੇਸ਼ਕ ਮਾਸਟਰ ਜੀ ਕੇ ਸਾਥ ਸਲਾਹ ਕਰ ਆਓ । ਜਬ ਦਿਲ ਕਰੇ ਆ ਜਾਓ, ਆਪ ਕੇ ਵਾਸਤੇ ਥਾਂ ਖਾਲ੍ਹੀ ਹੈ । (You are cardially welcome) ।

ਸ: ਹੁਕਮ ਸਿੰਘ ਜੀ ਨੇ ਹੱਥ ਮਿਲਾਇਆ ਤੇ ਭਜਦੇ ਭਜਦੇ ਘਰ ਆਏ । ਅਟੈਚੀ ਤਿਆਰ ਕਰਕੇ ਰਾਤ ਦੀ ਗਡੀ ਫੜ ਕੇ ਦੂਜੇ ਦਿਨ ਸਵੇਰੇ ਸਵੇਰੇ ਅੰਮ੍ਰਿਤਸਰ ਮਾਸਟਰ ਜੀ ਦੇ ਮਕਾਨ ਤੇ ਜਾ ਪਹੁੰਚੇ । (ਰਾਤ ਸਾਰੀ ਗਡੀ ਵਿਚ ਖੁਸ਼ੀ ਨਾਲ ਜ਼ਰਾ ਨੀਂਦ ਨਹੀਂ ਪਈ ਅਤੇ ਸੋਚਾਂ ਵਿਚਾਰਾਂ ਵਿਚ ਡੁਬਕੀਆਂ ਖਾਂਦੇ ਰਹੇ) । ਡਿਪਟੀ ਸਪੀਕਰੀ ਭਾਰਤ ਦੀ ਮੁਫਤੋਂ ਮੁਫਤ ਤੇ ਅਕਾਲੀ ਦਲ ਵਿਚ ਰਹਿ ਕੇ । ਬੜਾ ਚੰਗਾ ਗ਼ਨੀਮਤ ਦਾ ਅਵਸਰ ਹੈ ਹਥੋਂ ਜਾਣ ਨਹੀਂ ਦੇਣਾ ਚਾਹੀਦਾ । ਪੈਰ ਅੜਾਨ ਦੀ ਕਰਨੀ ਚਾਹੀਦੀ ਹੈ । ਫਿਰ ਸੋਚਦੇ ਨੇ ਕਿ ਮਾਸਟਰ ਜੀ ਨੂੰ ਕੀ ਇਤਰਾਜ਼ ਹੋਵੇਗਾ, ਜਦ ਅਕਾਲੀ ਦਲ ਛਡਣਾ ਹੀ ਨਹੀਂ । ਫਿਰ ਡਿਪਟੀ ਸਪੀਕਰ ਦੀ ਸ਼ਾਨ ਦਾ ਖਿਆਲ ਆਇਆ ਕਿ ਖ਼ੂਬ ਵਧੀਆ ਸ਼ਾਹੀ ਫਰਨੀਚਰ ਨਾਲ ਸਜੀ ਸਜਾਈ ਕੋਠੀ ਮਿਲੇਗੀ । ਨੌਕਰ ਚਾਕਰ ਸਰਕਾਰੀ ਖਰਚ ਤੇ ਮਿਲਣਗੇ । ਇਕ ਵਧੀਆ ਕਾਰ ਡਰਾਈਵਰ ਸਮੇਤ ਮਿਲੇਗੀ । ਬਾਹਰ ਜਾਣ ਆਣ ਲਈ ਵਿਮਾਨ ਜਾਂ ਹੈਲੀਕਪਟਰ, ਹੋਰ ਇਜ਼ਤ ਕਿਤਨੀ ਵਧੇਗੀ, ਮੌਜਾਂ ਹੀ ਮੌਜਾਂ । ਨਿਰੀ ਮੈਂਬਰੀ ਤਾਂ ਕੁਝ ਵੀ ਨਹੀਂ, ਇਹੋ ਜਿਹੀਆਂ ਸੋਚਾਂ ਕਰਦੇ ਸਵੇਰੇ ਮਾਸਟਰ ਜੀ ਦੇ ਅਸਥਾਨ ਤੇ ਜਾ ਅਪੜੇ ।

ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਨੇ ਸਵੇਰ ਦੇ ਨਿਤਨੇਮ ਤੋਂ ਵੇਹਲੇ ਹੋ



Digitized by Panjab Digital Library | www.panjabdigilib.org

ਕੇ ਸ: ਹੁਕਮ ਸਿੰਘ ਜੀ ਦੀ ਆਓ ਭਗਤ ਕੀਤੀ। ਫਤਹਿ ਬੁਲਾਉਣ ਤੋਂ ਬਾਦ ਪੁਛਿਆ ਸ: ਜੀ ਅਜ ਸਵੇਰੇ-ਸਵੇਰੇ ਕਿਵੇਂ ਦਰਸ਼ਨ ਦਿਤੇ। ਸ: ਜੀ ਨੇ ਅਗੋਂ ਬਚਨ ਕੀਤਾ ਕਿ ਮਾਸਟਰ ਜੀ ਇਕ ਬਹੁਤ ਜ਼ਰੂਰੀ ਕੰਮ ਆਪ ਜੀ ਦੇ ਨਾਲ ਅਰਜ਼ ਇਹ ਹੈ ਕਿ ਮੈਨੂੰ (ਸ: ਹੁਕਮ ਸਿੰਘ ਜੀ) ਨੂੰ ਕਲ੍ਹ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਆਪਣੇ ਪਾਸ ਸਦ ਕੇ ਆਖਿਆ ਕਿ ਉਹ ਮੈਨੂੰ (ਸ: ਜੀ) ਡਿਪਟੀ ਸਪੀਕਰ ਬਣਾਨਾ ਚਾਹੁੰਦੇ ਹਨ।

ਮਾ: ਜੀ—(ਚੌਂਕ ਕੇ) ਹੈਂ, ਫਿਰ ਤਾਂ ਤੁਸੀਂ ਵੀ ਸਾਥੋਂ ਗਏ। ਡਿ: ਸਪੀਕਰ ਤਾਂ ਹੀ ਬਣ ਸਕਦੇ ਹੋ ਜੇ ਤੁਸੀਂ ਵੀ ਕਾਂਗਰਸੀ ਹੋ ਜਾਓ ਤੇ ਪੰਥ ਨੂੰ ਛਡ ਦਿਓ।

ਸ: ਜੀ—ਨਹੀਂ ਮਾਸਟਰ ਜੀ ਸੁਣ ਤੇ ਲਵੋ! ਐਸੀ ਕੋਈ ਗਲ ਨਹੀਂ। ਮੈਂ ਵੀ ਪੰਡਤ ਜੀ ਨੂੰ ਉਸੇ ਵੇਲੇ ਆਖ ਦਿਤਾ ਸੀ ਕਿ ਡਿ: ਸਪੀਕਰੀ ਜੋ ਮੈਨੂੰ ਦੇਂਦੇ ਹੋ। ਮੈਂ ਤਾਂ ਤੁਹਾਡਾ ਕਾਂਗਰਸੀ ਹਾਂ ਹੀ ਨਹੀਂ। ਮੈਂ ਤਾਂ ਅਕਾਲੀ ਦਲ ਦਾ ਇਕ ਸਿਪਾਹੀ ਹਾਂ ਤੇ ਅਕਾਲੀ ਦਲ ਨੂੰ ਕਦੀ ਵੀ ਨਹੀਂ ਛਡ ਸਕਦਾ। ਤਾਂ ਫਿਰ ਡਿ: ਸਪੀਕਰ ਕਿਵੇਂ ਬਣ ਸਕਾਂਗਾ। ਪੰਡਤ ਜੀ ਨੇ ਮੈਨੂੰ ਸਾਫ ਆਖ ਦਿਤਾ ਕਿ ਤੁਸੀਂ ਅਕਾਲੀ ਦਲ ਨਾ ਛਡੋ। ਅਕਾਲੀ ਦਲ ਦੇ ਸਿਪਾਹੀ ਬਣੇ ਰਹੋ। ਅਸੀਂ (ਪੰਡਤ ਜੀ) Opposition ਵਿਚੋਂ ਵੀ ਕਿਸੇ ਨੂੰ ਡਿ: ਸਪੀਕਰ ਲੈ ਸਕਦੇ ਹਾਂ ਸਾਨੂੰ ਕੋਈ ਫਰਕ ਨਹੀਂ ਪੈਂਦਾ।

ਮਾ: ਜੀ—ਅਛਾ ਜੇ ਅਕਾਲੀ ਦਲ ਛਡਣਾ ਨਹੀਂ ਪੈਂਦਾ ਅਤੇ ਡਿ: ਸਪੀਕਰੀ ਮਿਲਦੀ ਹੈ ਤਾਂ ਫਿਰ...ਲੈ ਲਵੋ ਪਰ ਖਿਆਲ ਇਧਰ ਦਾ ਵੀ ਰਖਣਾ।

ਸ: ਜੀ—ਮਾਸਟਰ ਜੀ! ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹਾਂ। ਮੇਰਾ ਅਵੱਲ ਤੇ ਆਖਰ ਪੰਥ ਹੈ। ਅਕਾਲੀ ਦਲ ਦਾ ਪ੍ਰੋਗਰਾਮ, ਮੇਰਾ ਪ੍ਰੋਗਰਾਮ ਹੈ। ਮੈਂ ਪੰਥ ਨੂੰ ਛਡ ਦੇਣ ਦੀ ਗਲ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ। ਹਾਂ ਜੇ ਲੋੜ ਪਈ ਤੇ ਤੁਹਾਡਾ ਹੁਕਮ ਆਇਆ ਤਾਂ ਡਿ: ਸਪੀਕਰੀ ਕੀ ਚੀਜ਼ ਹੈ ਵਡੇ ਤੋਂ ਵਡੇ ਪਦ ਨੂੰ ਵੀ ਲਤ ਮਾਰ ਕੇ ਪੰਥਕ ਸਫਾਂ ਵਿਚ ਆ ਜਾਵਾਂਗਾ।



Digitized by Panjab Digital Library | www.panjabdigilib.org

*ਮਾਸਟਰ ਤਾਰਾ ਸਿੰਘ ਜੀ ਪਾਸੋਂ ਹਾਂ ਕਰਾ ਕੇ, ਸਵੀਕ੍ਰਿਤੀ ਲੈ ਕੇ ਸ: ਜੀ ਉਸੇ ਵੇਲੇ ਵਾਪਸ ਦਿਲੀ ਨੂੰ ਮੁੜੇ ਤੇ ਗਡੀ ਫੜਨ ਦੀ ਕੀਤੀ—ਅਗਲੇ ਦਿਨ ਪੰਡਤ ਨਹਿਰੂ ਜੀ ਨੂੰ ਜਾ ਦਸਿਆ ਕਿ ਮਾਸਟਰ ਜੀ ਨੂੰ ਮਨਾ ਲਿਆ ਹੈ। ਪਰ ਅਕਾਲੀ ਦਲ ਕਿਸੇ ਕੀਮਤ ਤੇ ਨਹੀਂ ਛਡਾਂਗਾ। ਪੰਡਤ ਜੀ ਨੇ ਫਿਰ ਕਹਿ ਦਿਤਾ ਕਿ ਕੋਈ ਗਲ ਨਹੀਂ ਤੁਸੀਂ ਬੇਸ਼ਕ ਅਕਾਲੀ ਦਲ ਦੇ ਮੈਂਬਰ ਬਣੇ ਰਹੋ। ਅਜ ਤੋਂ ਹੀ ਤੁਸੀਂ ਡਿ. ਸਪੀਕਰ ਹੋ। ਬਸ ਪੰਡਤ ਨਹਿਰੂ ਜੀ ਦੀ ਚਾਲ ਚਲ ਗਈ ਤੇ ਉਸ ਨੂੰ ਬੇ-ਫਿਕਰੀ ਦੀ ਨੀਂਦ ਪੈਣ ਲਗ ਪਈ। ਸ: ਹੁਕਮ ਸਿੰਘ ਜੀ ਨੂੰ ਆਖਰ ਫਸਾ ਹੀ ਲਿਆ ਜਿਸ ਕਰਕੇ ਪੰਡਤ ਜੀ ਸਖਤ ਬੇਚੈਨ ਸਨ।

ਉਧਰ ਸ: ਜੀ ਨੂੰ ਨਵੀਂ ਕੋਠੀ ਡਿ: ਸਪੀਕਰ ਦੀ ਸਜੀ ਸਜਾਈ ਮਿਲ ਗਈ। ਅਖਬਾਰਾਂ ਵਿਚ ਸਾਰੇ ਪਾਸੇ ਨਸ਼ਰ ਹੋ ਗਿਆ। ਰੇਡੀਓ ਵੀ ਬੋਲ ਪਏ। ਉਧਰ ਸ: ਜੀ ਦੇ ਗ੍ਰਹਿ ਵਿਖੇ ਖੁਸ਼ੀਆਂ ਦੀਆਂ ਧੁਮਾਂ ਪੈਣ ਲਗ ਪਈਆਂ। ਚਾਰੇ ਪਾਸੋਂ ਵਧਾਈਆਂ ਮੁਬਾਰਕਾਂ ਆਣੀਆਂ ਸ਼ੁਰੂ ਹੋ ਗਈਆਂ। ਲਡੂ ਮਠਿਆਈਆਂ ਵੰਡੀਆਂ ਜਾਣ ਲਗ ਪਈਆਂ। ਮਾਇਆ ਦੇ ਝਲਕਾਰੇ ਨੇ ਕੰਮ ਪੂਰਾ ਕਰ ਲਿਆ। ਮਾਇਆ ਠਨਗਨ ਠਨਗਨ ਕਰਦੀ ਆਣ ਵੜੀ ਸ: ਜੀ ਦੇ ਬੂਹੇ ਵਿਚ। ਉਸ ਦੇ ਜਲਵੇ ਅਗੇ ਸ: ਜੀ ਨਾ ਠਹਿਰ ਸਕੇ। ਮਾਇਆ ਦੇ ਜਲਵੇ ਅਗੇ ਕੋਈ ਵਡੇ ਵਡੇ ਮਹਾਂ ਪੁਰਸ਼, ਵਿਦਵਾਨ ਸ਼ਾਸਤ੍ਰਗਯ ਰਿਸ਼ੀ ਮੁਨੀ ਦੇਵਤੇ ਨਹੀਂ ਠਹਿਰ ਸਕਦੇ ਤੇ ਸ: ਹੁਕਮ ਸਿੰਘ ਜੀ ਕਿਸ ਬਾਗ਼ ਦੀ ਮੂਲੀ ਹਨ।

**"ਮੁਨਿ ਜੋਗੀ ਸ਼ਾਸਤ੍ਰਿਗਿ ਕਹਾਵਤ, ਸਭ ਕੀਨ ਬਸ ਅਪਨਹੀ॥**
**ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ॥**
**ਬਲਵੰਤਿ ਬਿਆਪਿ ਰਹੀ ਸਭ ਮਹੀ॥"** (ਗੁ: ਮ: ੫, ੪੯੮)
**ਜਿਨ ਕੀਨੇ ਵਸਿ ਅਪਣੇ ਤ੍ਰੈ ਗੁਣ ਭਵਨ ਚਤੁਰ ਸੰਸਾਰਾ।**
**ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵੀਚਾਰਾ।**
**ਨਹਿ ਸੁਣੀਐ ਨਹਿ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ।**
**ਐਸੀ ਠਗਉਰੀ ਪਾਇ ਭੁਲਾਵੈ ਮਨ ਸਭ ਕੈ ਲਾਗੈ ਮੀਠੀ।** (ਧ: ਮ: ੫)

---

* ਇਹ ਡਾਇਅਲਾਗ (Dialogue) ਮਾਸਟਰ ਜੀ ਤੇ ਸ: ਹੁਕਮ ਸਿੰਘ ਨਾਲ ਬੰਦ ਕਮਰੇ ਵਿਚ ਹੋਇਆ, ਪਰ ਮਾਸਟਰ ਜੀ ਨੇ ਕੁਝ ਦਿਨਾਂ ਬਾਦ ਇਕ ਦਿਨ ਕੁਝ ਆਪਣੇ ਸਜਣਾਂ ਮਿਤ੍ਰਾਂ ਨਾਲ ਬੈਠੇ ਹੋਇਆਂ, ਹਸਦਿਆਂ-ਹਸਦਿਆਂ ਸਾਰੀ ਗਲ ਬਾਤ ਹੂ ਬਹੂ ਕਹਿ ਦਿਤੀ। ਦਾਸ ਲੇਖਕ ਉਨ੍ਹੀਂ ਦਿਨੀਂ ਮਾਸਟਰ ਜੀ ਦੇ ਨਿਜੀ ਸੇਵਕ (P.A.) ਦੇ ਤੌਰ ਤੇ ਸੇਵਾ ਕਰਦਾ ਹੁੰਦਾ ਸੀ।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਇਕ ਵਾਰੀ ਭਗਤ ਕਬੀਰ ਸਾਹਿਬ ਦੇ ਵੇਹੜੇ ਵੀ ਠਨਗਨ ਠਨਗਨ ਕਰਦੀ ਹਾਓ ਭਾਓ ਕਰਦੀ ਮਾਇਆ ਆਣ ਵੜੀ। ਕਹਿਣ ਲਗੀ ਕਬੀਰ—ਮੇਰੀ ਤਾਣੀ ਸਭ ਤੋਂ ਪਹਿਲਾਂ ਬੁਣ ਦੇ। ਕਬੀਰ ਜੀ ਕਹਿਣ ਲਗੇ ਕਿ ਬਹਿ ਜਾ ਵਾਰੀ ਤੇ ਬੁਣਾਂਗਾ। ਕੀਯੂ (Queue) ਵਿਚ ਲਗ ਜਾ। ਉਹ ਫਿਰ ਕਹਿੰਦੀ ਹੈ ਕਿ ਪਹਿਲਾਂ ਮੇਰਾ ਕੰਮ ਕਰ ਮੈਂ ਦੂਗਣੀ ਮਜ਼ੂਰੀ ਦਿਆਂਗੀ। ਕਬੀਰ ਜੀ ਨੇ ਕੜਕ ਕੇ ਜਵਾਬ ਦਿਤਾ ਕਿ ਇਥੇ ਮਜ਼ੂਰੀ ਸਾਰਿਆਂ ਪਾਸੋਂ ਇਕੋ ਜਿਹੀ ਲਗਦੀ ਹੈ ਤੇ ਕੰਮ ਵਾਰੀ ਤੇ ਹੁੰਦਾ ਹੈ। ਮਾਇਆ ਨੇ ਸੋਨੇ ਦਾ ਗਲਾਸ ਕਢਿਆ ਤੇ ਪਾਣੀ ਮੰਗਿਆ। ਦੋ ਘੁਟ ਪਾਣੀ ਪੀ ਕੇ ਸੋਨੇ ਦਾ ਗਲਾਸ ਵਗਾਹ ਮਾਰਿਆ ਫਿਰ ਦੂਜਾ ਕਢਿਆ ਉਹ ਵੀ ਘੁਟ ਭਰ ਕੇ ਸੁਟ ਪਾਇਆ। ਇਸ ਤਰ੍ਹਾਂ ਕਈ ਸੋਨੇ ਦੇ ਗਲਾਸ ਸੁਟ ਪਾਏ ਤੇ ਕਹਿਣ ਲਗੀ ਕਿ ਜਿਸ ਬਰਤਨ ਵਿਚ ਉਹ ਇਕ ਵਾਰੀ ਪਾਣੀ ਪੀ ਲਵੇ ਫਿਰ ਦੂਜੀ ਵਾਰੀ ਨਹੀਂ ਵਰਤਿਆ ਜਾਂਦਾ। ਕਬੀਰ ਜੀ ਨੇ ਗਜ ਕੇ ਕਿਹਾ ਕਿ ਤੂੰ ਆਰਾਮ ਨਾਲ ਬੈਠਨੀ ਏ ਕਿ ਨਹੀਂ। ਮੈਂ ਤੈਨੂੰ ਜਾਣ ਲਿਆ ਹੈ ਤੂੰ ਕੌਣ ਹੈ। ਪਰ ਉਹ ਨਾ ਹਟੀ। ਕਬੀਰ ਸਾਹਿਬ ਨੇ ਆਪਣੇ ਬੇਟੇ ਕਮਾਲੇ ਨੂੰ ਆਵਾਜ਼ ਮਾਰੀ ਕਮਾਲਿਆ ਜ਼ਰਾ ਛੁਰੀ ਅੰਦਰੋਂ ਲੈ ਆਈਂ। ਕਮਾਲਾ ਛੁਰੀ ਲੈ ਆਇਆ ਤੇ ਕਬੀਰ ਜੀ ਨੇ ਪਕੜ ਕੇ ਮਾਇਆ ਦਾ ਕੰਨ ਵੀ ਕਟ ਦਿਤਾ ਤੇ ਨਕ ਵੀ ਤੇ ਧਕੇ ਮਾਰ ਕੇ ਅੰਦਰੋਂ ਕਢ ਦਿਤੀ।

**"ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥**
**ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥**

(ਆਸਾ ਕਬੀਰ ਜੀ)

**ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰ ਵੇਸ।**
**ਹਮ ਰਾਖੇ ਗੁਰ ਆਪਨੇ ਉਨ ਕੀਨੋ ਆਦੇਸ।** (ਸਲੋਕ ਕਬੀਰ ਜੀ)

ਕਿਥੇ ਕਬੀਰ ਤੇ ਕਿਥੇ ਸ: ਹੁਕਮ ਸਿੰਘ ਜਾਂ ਅਸੀਂ ਤੁਸੀਂ। ਬੇਸ਼ਕ ਸ: ਹੁਕਮ ਸਿੰਘ ਐਮ. ਏ. ਜਾਂ ਬੀ. ਏ. ਪੜ੍ਹੇ-ਲਿਖੇ ਹਨ ਤੇ ਕਬੀਰ ਬਿਚਾਰਾ ਦੋ ਜਮਾਤਾਂ ਵੀ ਨਹੀਂ ਪੜ੍ਹਿਆ ਸੀ, ਮਾਇਆ ਨੂੰ ਕਿਵੇਂ ਉਸ ਪਛਾੜਿਆ। ਤਾਂਹੀਓ ਤਾਂ ਕਬੀਰ ਸਾਹਿਬ ਜੀ ਬੜੇ ਫਖਰ ਤੇ ਗੌਰਵ ਨਾਲ ਦਾਅਵਾ ਬਨ੍ਹਦੇ ਹਨ ਕਿ

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ।**
**ਰਾਮੁ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।**

(ਭੈਰਓ ਕਬੀਰ ਜੀ)



Digitized by Panjab Digital Library | www.panjabdigilib.org

ਗੁਰੂ ਅਰਜਨ ਦੇਵ ਜੀ ਨੇ ਕਬੀਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿਤੀ ਹੈ। ਸ: ਹੁਕਮ ਸਿੰਘ ਜੀ ਜਾਂ ਅਸਾਂ ਤੁਸਾਂ ਦੀ ਉਥੇ ਕੀ ਪੁਛ ਪ੍ਰਤੀਤ ਹੋ ਸਕਦੀ ਹੈ।

ਸ: ਹੁਕਮ ਸਿੰਘ ਜੀ ਡਿਪਟੀ ਸਪੀਕਰੀ ਦੇ ਨਸ਼ੇ ਵਿਚ ਅਜਿਹੇ ਗੜੂੰਦ ਹੋਏ ਕਿ ਮੁੜ ਪਿਛਾਂਹ ਤਕਿਆ ਵੀ ਨਹੀਂ ਪੰਥ ਦਾ ਕੀ ਹਾਲ ਹੈ। ਹੁਣ ਉਨ੍ਹਾਂ ਨੇ ਸਮਝਿਆ ਕਿ ਜੋ ਚੀਜ਼ ਹਥ ਆ ਗਈ ਹੈ। ਮੁਫਤੋ ਮੁਫਤ ਡਿਪਟੀ ਸਪੀਕਰੀ ਰਾਤੋ ਰਾਤ ਹੀ ਮਿਲ ਗਈ, ਹੁਣ ਇਸ ਨੂੰ ਹਥੋਂ ਜਾਣ ਦੇਣਾ ਅਕਲਮੰਦੀ ਨਹੀਂ। ਮਾਸਟਰ ਜੀ ਕੋਲ, ਅਕਾਲੀ ਦਲ ਕੋਲ ਕੀ ਪਿਆ ਹੋਇਆ ਹੈ। ਉਥੇ ਤਾਂ ਲੰਗਰ ਦੇ ਦਾਲ ਪ੍ਰਸ਼ਾਦੇ ਛਕ ਲਵੋ ਤੇ ਤਕਰੀਰਾਂ ਕਰੋ ਤੇ ਸ਼ੋਰ ਮਚਾਈ ਜਾਓ। ਐਵੇਂ ਹੀ ਸਾਰੀ ਉਮਰ ਭਠ ਝੋਕਦੇ ਰਹੋ, ਜ਼ਿੰਦਗੀ ਦਾ ਮਜ਼ਾ ਤੇ ਹੁਣ ਆਇਆ ਹੈ। ਸ: ਜੀ ਜਿਵੇਂ ਲੂਣ ਦੀ ਖਾਣ ਵਿਚ ਕੋਈ ਚਲਾ ਜਾਏ ਲੂਣ ਹੀ ਬਣ ਜਾਂਦਾ ਹੈ। **"ਹਰ ਕਿ ਦਰ ਕਾਨਿ ਨਿਮਕ ਰਫਤ, ਨਿਮਕ ਸ਼ੁਦ"** ਪੂਰੀ ਤਰ੍ਹਾਂ ਲੂਣ ਹੀ ਬਣਦੇ ਗਏ।

ਸ: ਹੁਕਮ ਸਿੰਘ ਜੀ ਨੇ ਹੁਣ ਕਾਂਗਰਸ ਦੀ ਵਫ਼ਾਦਾਰੀ ਦਾ ਦਮ ਭਰਨ ਦੇ ਯਤਨ ਆਰੰਭ ਦਿਤੇ। ਜਿਤਨੇ ਤਾਣ ਤੇ ਲਗਨ ਨਾਲ ਆਪ ਨੇ ਅਕਾਲੀ ਦਲ ਵਿਚ ਰਹਿ ਕੇ ਪੰਥ ਦਾ ਪ੍ਰਚਾਰ ਕੀਤਾ ਅਤੇ ਅਕਾਲੀ ਦਲ ਦੇ ਮੁਵੱਕਫ ਦੀ ਵਜ਼ਾਹਤ ਕੀਤੀ ਹੁਣ ਉਸ ਤੋਂ ਦੂਣੀ ਤਾਕਤ ਨਾਲ ਪੰਥ ਦੀ ਖੁਲਮ ਖੁਲਾ ਮੁਖਾਲਫਤ ਕਰਨ ਲਗ ਪਏ। ਆਮ ਦੇਖਣ ਵਿਚ ਆਇਆ ਹੈ ਕਿ ਇਹ ਬੁਲਾਰੇ ਲੋਕ ਹਰ ਮਾਹੌਲ ਦੇ ਮੁਤਾਬਕ ਭਾਸ਼ਨ ਦੇ ਕੇ ਪ੍ਰਭਾਵ ਪਾ ਲਿਆ ਕਰਦੇ ਹਨ। ਅਕਾਲੀਆਂ ਦੇ ਸਟੇਜ ਤੇ ਅਕਾਲੀਆਂ ਦੇ ਹਕ ਵਿਚ ਬੋਲਦੇ ਹਨ, ਤੇ ਜੇ ਕਾਂਗਰਸੀਆਂ ਵਿਚ ਜਾਣ ਤਾਂ ਉਨ੍ਹਾਂ ਦੇ ਸੋਹਲੇ ਗਾਣ ਲਗ ਜਾਂਦੇ ਹਨ। ਕਮਿਊਨਿਸਟਾਂ ਵਿਚ ਜਾ ਕੇ ਉਨ੍ਹਾਂ ਦੀ ਗਲ ਕਰੀ ਜਾਂਦੇ ਹਨ। ਇਸੇ ਤਰ੍ਹਾਂ ਕਵੀ ਲੋਕ ਵੀ ਕਰਦੇ ਹਨ। ਇਨ੍ਹਾਂ ਦਾ ਕੋਈ Stand ਨਹੀਂ ਹੁੰਦਾ, ਮਾਇਆ ਜਿਧਰੋਂ ਮਿਲੇ ਉਧਰ ਦੀ ਹੀ ਗਲ ਕਰ ਲੈਂਦੇ ਹਨ। ਮਾਇਆ ਹੀ ਇਨ੍ਹਾਂ ਦਾ ਨਿਸ਼ਾਨਾ ਹੁੰਦਾ ਹੈ। ਜਿਨ੍ਹਾਂ ਨੂੰ ਪੇਸ਼ਾਵਰ (Professonal) ਬੁਲਾਰੇ ਕਿਹਾ ਜਾਂਦਾ ਹੈ।

ਗਿਆਨੀ ਕਰਤਾਰ ਸਿੰਘ ਅਗੇ ਹੀ ਵਜ਼ੀਰੀ ਦੇ ਚਕਰਾਂ ਵਿਚ ਅਕਾਲੀ ਦਲ ਨੂੰ ਤਿਲਾਂਜਲੀ ਦੇ ਕੇ ਕਾਂਗਰਸੀ ਬਣਿਆ ਫਿਰਦਾ ਸੀ। ਹੁਣ ਸ: ਹੁਕਮ ਸਿੰਘ ਜੀ ਵੀ ਨਾਲ ਮਿਲ ਗਏ। ਇਨ੍ਹਾਂ ਦੋਹਾਂ ਨੇ ਗੋਂਦ ਗੁੰਦੀ ਕਿ ਅਕਾਲੀ ਦਲ



Digitized by Panjab Digital Library | www.panjabdigilib.org

ਵਿਚੋਂ ਸਿਆਸਤ ਕਢਵਾ ਕੇ ਕਾਂਗਰਸ ਵਿਚ ਸ਼ਾਮਲ ਕਰ ਦੇਣੀ ਚਾਹੀਦੀ ਹੈ ਅਤੇ ਅਕਾਲੀ ਦਲ ਨਿਰਾ ਧਾਰਮਕ ਪ੍ਰਚਾਰ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ। ਪਿਆ ਅੰਮਿਤ ਪ੍ਰਚਾਰ ਕਰੋ। ਪਰ ਮਾਸਟਰ ਜੀ ਨਹੀਂ ਸੀ ਮੰਨਦੇ, ਉਹ ਕਹਿੰਦੇ ਸਨ ਕਿ ਕਾਂਗਰਸ ਵਿਚ ਮਿਲ ਜਾਣਾ ਪੰਥ ਦੀ ਮੌਤ ਦੇ ਵਾਰੰਟਾਂ ਦੇ ਆਪਣੇ ਆਪ ਦਸਖਤ ਕਰ ਦੇਣ ਦੇ ਤੁਲ ਹੈ। ਕਾਂਗਰਸ ਇਕ ਅਨਮਤੀ ਜਮਾਤ ਹੈ ਉਹ ਪੰਥ ਦੀ ਸੁਰਖਿਆ ਦੀ ਜ਼ਾਮਨ ਨਹੀਂ ਹੋ ਸਕਦੀ। ਕਾਂਗਰਸ ਨਾਲ ਚਲ ਕੇ ਦੇਖ ਲਿਆ ਹੈ। ਸਾਰੀ ਸਿੱਖ ਕੌਮ ਨੂੰ ਗੁੰਡੇ ਬਦਮਾਸ਼ ਤੇ ਦੁਰਾਚਾਰੀ ਕਹਿ ਚੁਕੀ ਹੈ। ਸਿੱਖਾਂ ਨਾਲ ਹਰ ਪਾਸੇ ਵਿਤਕਰੇ ਬਾਜ਼ੀ ਹੋ ਰਹੀ ਹੈ। ਇਸ ਲਈ ਸਿੱਖਾਂ ਦੀ ਆਜ਼ਾਦ ਹਸਤੀ ਜ਼ਰੂਰ ਕਾਇਮ ਰਖਣੀ ਚਾਹੀਦੀ ਹੈ ਨਹੀਂ ਤਾਂ ਸਿੱਖੀ ਮਿਟ ਜਾਏਗੀ। ਪਹਿਲਾਂ ਇਹ ਸਜਨ ਵੀ ਮਾਸਟਰ ਜੀ ਨਾਲ ਪੂਰੇ ਪੂਰੇ ਸਹਿਮਤ ਸਨ, ਪਰ ਜਦੋਂ ਕੁਰਸੀਆਂ ਮਿਲ ਗਈਆਂ ਤੇ ਕਾਂਗਰਸੀ ਰੰਗ ਚੜ੍ਹ ਗਿਆ ਤਾਂ ਉਲਟੀ ਬੋਲੀ ਬੋਲਣ ਲਗ ਪਏ।

ਇਕ ਦਿਨ ਇਨ੍ਹਾਂ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮਾਸਟਰ ਜੀ ਨੂੰ ਬੁਲਾ ਕੇ ਧੂਆਂ ਧਾਰ ਤਕਰੀਰਾਂ ਕੀਤੀਆਂ ਤੇ ਜ਼ੋਰ ਦਿਤਾ ਕਿ ਹੁਣ ਅਕਾਲੀ ਦਲ ਸਿਆਸਤ ਛਡ ਦੇਵੇ ਅਤੇ ਚੋਣਾਂ ਵਿਚ ਦੇਸ਼ ਦੀ ਵਡੀ ਸੈਕੁਲਰ ਜਮਾਤ ਕਾਂਗਰਸ ਦੇ ਟਿਕਟ ਤੇ ਚੋਣਾਂ ਲੜੇ ਅਤੇ ਰਿਜਨਲ ਫਾਰਮੂਲਾ ਜੋ ਸਰਕਾਰ ਨੇ ਮੰਨ ਲਿਆ ਹੈ, ਉਸ ਦੀ ਰੌਸ਼ਨੀ ਵਿਚ ਅਕਾਲੀ ਦਲ ਕਾਂਗਰਸ ਨਾਲ ਸਮਝੌਤਾ ਕਰ ਲਵੇ। ਮੀਟਿੰਗ ਵਿਚ ਬਹੁਸਮਤੀ ਜੋ ਇਨ੍ਹਾਂ ਦੀ ਸੀ, ਨੇ ਜ਼ੋਰ ਪਾਇਆ ਤੇ ਮਾਸਟਰ ਜੀ ਇਸ ਡਰ ਤੋਂ ਕਿ ਪੰਥ ਵਿਚ ਫੁਟ ਨਾ ਪੈ ਜਾਵੇ, ਦਿਲ ਨਾ ਚਾਹੁੰਦਿਆਂ ਹੋਇਆਂ ਵੀ ਆਖਰ ਹਾਂ ਕਰ ਦਿਤੀ। ਇਸ ਦੇ ਫਲ-ਸਰੂਪ ਅਕਾਲੀਆਂ ਨੇ ਕਾਂਗਰਸ ਦੇ ਮੈਂਬਰੀ ਫਾਰਮ ਭਰਨੇ ਸ਼ੁਰੂ ਕਰ ਦਿਤੇ। ਬਹੁਤੇ ਗਿਆਨੀ ਕਰਤਾਰ ਸਿੰਘ ਦੇ ਹਵਾਰੀ ਹੀ ਕਾਂਗਰਸੀ ਬਣੇ ਮਾਸਟਰ ਜੀ ਦੇ ਥੋੜ੍ਹੇ। ਮਾ: ਜੀ ਦੇ ਸਾਥੀਆਂ ਨੇ ਇਸ ਸਾਰੇ ਡਰਾਮੇ ਨੂੰ ਇਕ ਧੋਖਾ ਤੇ ਛਲਾਵਾ ਹੀ ਸਮਝਿਆ ਤੇ ਪਿਛੇ ਹਟ ਕੇ ਬਹਿ ਗਏ।

ਪੰਜਾਬ ਦੀ ਵਿਧਾਨ ਸਭਾ ਦੀਆਂ ਚੋਣਾਂ ਸਿਰ ਤੇ ਆ ਗਈਆਂ। ਚੋਣਾਂ ਵਿਚ ਉਪ੍ਰੋਕਤ ਸਮਝੌਤੇ ਅਨੁਸਾਰ ਅਕਾਲੀ ਦਲ ਦਾ ਟਿਕਟ ਤੇ ਕੋਈ ਹੈ ਹੀ ਨਹੀਂ ਸੀ, ਚੋਣਾਂ ਤਾਂ ਕਾਂਗਰਸ ਨਿਸ਼ਾਨ ਤੇ ਲੜੀਆਂ ਜਾਣੀਆਂ ਸਨ, ਪਰ ਚੋਣਾਂ ਦਾ ਟਿਕਟ ਦੇਣ ਵੇਲੇ ਫਿਰ ਡੈਡਲਾਕ ਪੈ ਗਿਆ। ਮਾਸਟਰ ਜੀ ਉਨ੍ਹਾਂ ਉਮੀਦਵਾਰਾਂ



Digitized by Panjab Digital Library | www.panjabdigilib.org

ਨੂੰ ਟਿਕਟ ਦੇਣਾ ਚਾਹੁੰਦੇ ਸਨ ਜੋ ਨਵੇਂ ਅਕਾਲੀਓਂ ਕਾਂਗਰਸੀ ਬਣੇ ਸਨ, ਪਰ ਕਾਂਗਰਸੀ ਬੋਰਡ ਨੇ ਪੁਰਾਣੇ ਕਾਂਗਰਸੀਆਂ ਨੂੰ ਹੀ ਟਿਕਟ ਦੇ ਦਿਤੇ। ਮਾਸਟਰ ਜੀ ਦੀ ਕੋਈ ਨਾ ਸੁਣੀ ਗਈ। ਸੋ ਮਾਸਟਰ ਜੀ ਨੇ ਇਸ ਉਪ੍ਰੋਕਤ ਸਮਝੌਤੇ ਨੂੰ ਇਕ ਧੋਖਾ ਤੇ ਫਰੇਬ ਕਰਾਰ ਦਿਤਾ ਅਤੇ ਪੰਥ-ਮਾਰੂ ਸਮਝਿਆ ਉਨ੍ਹਾਂ ਨੇ ਜਿਵੇਂ ਲੜਾਈ ਦੇ ਦੌਰਾਨ ਘੋੜਾ ਬਦਲਣ ਵਾਲੀ ਗਲ, ਮਾਸਟਰ ਜੀ ਨੇ ਆਪਣਾ ਟਿਕਟ ਜਾਰੀ ਕਰਕੇ ਆਪਣੇ ਉਮਦੀਵਾਰ ਖੜੇ ਕਰ ਦਿਤੇ ਜਿਨ੍ਹਾਂ ਵਿਚੋਂ ਦੋ ਕਾਮਯਾਬ ਵੀ ਹੋ ਗਏ। ਇਸ ਤਰ੍ਹਾਂ ਮਾਸਟਰ ਜੀ ਨੇ ਅਕਾਲੀ ਪੰਥ ਨੂੰ ਕਾਂਗਰਸ ਵਿਚ ਗੜੂੰਦ ਹੋਣ ਤੋਂ ਬਚਾ ਲਿਆ। ਇਸ ਚੀਜ਼ ਨੂੰ ਇਨ੍ਹਾਂ ਕੁਰਸੀ ਪ੍ਰਸਤਾਂ ਨੇ ਮਾਸਟਰ ਜੀ ਤੇ ਝੂਠਾ ਹੋਣ ਦਾ ਇਲਜ਼ਾਮ ਲਾਇਆ ਕਿ ਮਾਸਟਰ ਜੀ ਪਹਿਲਾਂ ਮੰਨ ਕੇ ਫਿਰ ਮੁਕਰ ਗਏ ਹਨ। ਪਰ ਇਸ ਗਲ ਨੂੰ ਇਸ ਤਰ੍ਹਾਂ ਲੈਣਾ ਚਾਹੀਦਾ ਹੈ। ਜਿਵੇਂ ਕਿਸੇ ਰਾਹ ਜਾਂਦੇ ਨੂੰ ਕਿਸੇ ਗ਼ਲਤ ਰਸਤੇ ਤੇ ਪਾ ਦਿਤਾ ਗਿਆ ਹੋਵੇ ਅਤੇ ਕੁਝ ਚਿਰ ਚਲ ਕੇ ਉਸ ਨੂੰ ਸੋਝੀ ਆ ਜਾਵੇ ਤੇ ਸਮਝ ਲਵੇ ਕਿ ਇਹ ਰਸਤਾ ਉਸ ਦੀ ਮੰਜ਼ਲ ਦਾ ਨਹੀਂ ਤੇ ਫਿਰ ਉਹ ਮੁੜ ਕੇ ਆਪਣਾ ਸਿਧਾ ਰਾਹ ਪਕੜ ਲਵੇ ਤਾਂ ਉਸ ਨੂੰ ਅਕਲਮੰਦ ਹੀ ਕਹਿਣਾ ਚਾਹੀਦਾ ਹੈ।

ਇਸ ਸਾਰੀ ਐਕਟਿੰਗ ਵਿਚ ਮਾਸਟਰ ਤਾਰਾ ਸਿੰਘ ਨੂੰ ਧਰਮ ਅਤੇ ਸਿਆਸਤ ਨੂੰ ਵਖ ਕਰਨ ਦੇ ਮਾਮਲੇ ਵਿਚ ਪਛਾੜ ਲੈਣ ਦਾ ਕਾਂਗਰਸੀ ਨੇਤਾਵਾਂ ਤੇ ਅਜਿਹਾ ਅਸਰ ਪਿਆ ਕਿ ਉਹ ਸਮਝਣ ਲਗ ਪਏ ਕਿ ਹੁਣ ਸ: ਹੁਕਮ ਸਿੰਘ ਉਤੇ ਪਹਿਲਾਂ ਮਾਇਆ ਦਾ ਰੰਗ ਤੇ ਫਿਰ ਕਾਂਗਰਸ ਦਾ ਰੰਗ ਦਬਾ ਦਬ ਚੜ੍ਹ ਰਿਹਾ ਹੈ ਅਤੇ ਅਕਾਲੀ ਦਲ ਦਾ ਰੰਗ ਲਹਿੰਦਾ ਜਾ ਰਿਹਾ ਹੈ। ਸ: ਹੁਕਮ ਸਿੰਘ ਹੋਰ ਵੀ ਕਾਂਗਰਸ ਦੇ ਨੇੜੇ ਹੁੰਦੇ ਗਏ।

ਅਗੇ ੧੯੫੯-੬੦ ਵਿਚ ਗੁਰਦਵਰਾ ਚੋਣਾਂ ਆ ਗਈਆਂ। ਸ: ਹੁਕਮ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੇ ਵਿਰੁਧ ਸਭ ਤੋਂ ਵਧ ਜ਼ੋਰ ਲਗਾਇਆ, ਹੋਰ ਸਾਰੇ ਕਾਂਗਰਸੀ ਵੀ ਲੰਗਰ-ਲੰਗੋਟੇ ਕਸਕੇ ਅਕਾਲੀ ਦਲ ਨੂੰ ਹਾਰ ਦੇਣ ਲਈ ਮੈਦਾਨ ਵਿਚ ਆ ਗਏ। ਪਰ ਨਤੀਜਾ ਇਹ ਨਿਕਲਿਆ ਕਿ ਸ਼੍ਰੋ: ਕਮੇਟੀ ਦੀਆਂ ੧੪੦ ਸੀਟਾਂ 'ਚੋਂ ੧੩੬ ਅਕਾਲੀ ਦਲ ਨੇ ਜਿਤੀਆਂ। ਸ: ਹੁਕਮ ਸਿੰਘ ਜੀ ਜਿਨ੍ਹਾਂ ਨੇ ਅਕਾਲੀ ਦਲ ਜਿਸ ਦੇ ਹਕ ਵਿਚ ਜਿਵੇਂ ਉਪਰ ਲਿਖ ਆਏ ਹਾਂ, ਬੜਾ ਭਾਰੀ ਪ੍ਰਚਾਰ ਕਰਕੇ ਸੰਗਤਾਂ ਵਿਚ ਭਾਰੀ ਇਜ਼ਤ ਤੇ ਮਾਨ ਪ੍ਰਾਪਤ ਕੀਤਾ ਸੀ, ਅਜ ਕੇਵਲ ਕੁਰਸੀ ਦੀ ਖਾਤਰ ਕਾਂਗਰਸੀ ਨੇਤਾਵਾਂ ਦਾ



Digitized by Panjab Digital Library | www.panjabdigilib.org

ਆਪਣੇ ਆਪ ਨੂੰ ਕਟਰ ਵਫ਼ਾਦਾਰ ਸਾਬਤ ਕਰਨ ਲਈ ਅਕਾਲੀ ਦਲ ਵਲ ਪੁਠੇ ਮੂੰਹ ਬੋਲਣਾ ਸ਼ੁਰੂ ਕਰ ਦਿਤਾ ।

ਹੁਣ ੧੯੬੨ ਦੀਆਂ ਜਨਰਲ ਚੋਣਾਂ ਦਾ ਸਮਾਂ ਆ ਗਿਆ; ਸ: ਹੁਕਮ ਸਿੰਘ ਜੀ ਇਸ ਵਾਰੀ ਉਸੇ ਆਪਣੇ ਕਪੂਰਥਲੇ ਦੇ ਹਲਕੇ 'ਚੋਂ ਕਾਂਗਰਸ ਦਾ ਟਿਕਟ ਲੈ ਕੇ ਦੋਹਾਂ ਬੈਲਾਂ ਦੀ ਜੋੜੀ ਦੇ ਨਿਸ਼ਾਨ ਤੇ ਚੋਣ ਲੜਨ ਲਗੇ ਜਦੋਂ ਅਕਾਲੀ ਟਿਕਟ ਤੇ ਖੜੇ ਹੁੰਦੇ ਸਨ ਤਾਂ ਇਨ੍ਹਾਂ ਨੂੰ ਸਿੱਖਾਂ ਦੀਆਂ ਵੋਟਾਂ ਵਧ ਤੇ ਹਿੰਦੂਆਂ ਦੀਆਂ ਘਟ ਪੈਂਦੀਆਂ ਸਨ । ਹੁਣ ਅਕਾਲੀਆਂ ਵਲੋਂ ਤਾਂ ਮੂੰਹ ਕੋੜਾ ਕਰ ਚੁਕੇ ਸਨ, ਇਸ ਵਾਸਤੇ ਸਿੱਖਾਂ ਦੀਆਂ ਵੋਟਾਂ ਦੀ ਆਸ ਘਟ ਸੀ । ਇਨ੍ਹਾਂ ਨੇ ਹਿੰਦੂਆਂ ਦੀਆਂ ਵੋਟਾਂ ਲੈਣ ਲਈ ਉਨ੍ਹਾਂ ਨੂੰ ਖੁਸ਼ ਕਰਨ ਦੀ ਗਲ ਚਾਲੂ ਕਰ ਦਿਤੀ । ਇਕ ਤਾਂ ਪੰਜਾਬੀ ਸੂਬੇ ਦਾ ਡਟ ਕੇ ਵਿਰੋਧ ਤੇ ਦੂਜੀ ਹਿੰਦੂ ਸਿੱਖ ਏਕਤਾ । ਇਨ੍ਹਾਂ ਦੋਹਾਂ ਸੁਰਖੀਆਂ ਤੇ ਹੀ ਆਪ ਬੋਲਦੇ ਸਨ ।

ਪੰਜਾਬੀ ਸੂਬੇ ਬਾਰੇ ਤਾਂ ਆਪ ਨੇ ਆਖਿਆ ਕਿ ਪੰਜਾਬੀ ਸੂਬਾ ਉਨ੍ਹਾਂ ਦੇ ਆਪਣੇ ਦਿਮਾਗ਼ ਦੀ ਉਪਜ ਹੈ । ਪਰ ਹੁਣ ਪੰਜਾਬੀ ਸੂਬੇ ਦੀ ਲੋੜ ਨਹੀਂ ਤੇ ਨਹੀਂ ਬਣਨਾ ਚਾਹੀਦਾ ਜਦ ਤਕ ਇਸ ਵਿਚ ਵਸਨ ਵਾਲੇ ਹਿੰਦੂ ਵੀ ਇਸ ਨਾਲ ਸਹਿਮਤ ਨਹੀਂ ਹੋ ਜਾਂਦੇ । ਅਸਲ ਵਿਚ ਇਹ ਸ: ਹੁਕਮ ਸਿੰਘ ਜੀ ਨਹੀਂ ਬੋਲਦੇ ਸਨ, ਇਨ੍ਹਾਂ ਅੰਦਰ ਡਿਪਟੀ ਸਪੀਕਰੀ ਦੀ ਕੁਰਸੀ ਬੋਲਦੀ ਸੀ । ਕੀ ਹੁਕਮ ਸਿੰਘ ਜੀ ਨੂੰ ਉਸ ਵੇਲੇ ਇਸ ਗਲ ਦਾ ਪਤਾ ਨਹੀਂ ਸੀ ਜੋ ਹੁਣ ਕਹਿੰਦੇ ਹਨ, ਜਿਸ ਵੇਲੇ ਪੰਜਾਬੀ ਸੂਬੇ ਦਾ ਫੁਰਨਾ ਅੰਦਰੋਂ ਕਢ ਰਹੇ ਸਨ । ਇਸ ਪੰਜਾਬੀ ਸੂਬੇ ਵਾਸਤੇ ਮੋਰਚੇ ਲਗੇ, ਹਜ਼ਾਰਾਂ ਬੰਦੇ ਜੇਲ੍ਹ ਗਏ । ਕਈ ਗੋਲੀਆਂ ਨਾਲ ਮਾਰੇ ਗਏ, ਕਈ ਸਾਲ ਤਾਂ ਇਹ ਹੀ ਕਿਹਾ ਜਾਂਦਾ ਰਿਹਾ ਕਿ ਪੰਜਾਬੀ ਸੂਬੇ ਤੋਂ ਬਿਨਾਂ ਸਿੱਖਾਂ ਦਾ ਜੀਣਾ ਔਖਾ ਹੈ । ਸਿੱਖਾਂ ਦੀ ਸਮਸਿਆ ਦਾ ਹਲ ਕੇਵਲ ਤੇ ਕੇਵਲ ਪੰਜਾਬੀ ਸੂਬਾ ਹੀ ਹੈ । ਪਰ ਅਜ ਗਲ ਉਲਟੀ ਹੋ ਗਈ ।

ਦੂਜੀ ਗਲ ਸਰਦਾਰ ਜੀ ਹਿੰਦੂ ਸਿੱਖ ਏਕਤਾ ਦੀ ਕਰਦੇ ਸਨ । ਜੇ ਸਰਦਾਰ ਜੀ ਦੇ ਵਿਚ ਸਿੱਖੀ ਦੀ ਵਿਚਾਰਧਾਰਾ ਦਾ ਕੁਝ ਅੰਸ਼ ਵੀ ਹੈ, ਤਾਂ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਸਿੱਖ ਤਾਂ ਹਿੰਦੂ-ਸਿੱਖ ਏਕਤਾ ਤਾਂ ਕੀ **"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"** ਦੇ ਅਸੂਲ ਦਾ ਮੁਢ ਤੋਂ ਹੀ ਹਾਮੀ ਹੈ । ਇਸ ਗਲ ਤੇ ਜ਼ੋਰ ਦੇਣ ਦੀ ਲੋੜ ਹੀ ਕੀ ਸੀ । ਪਰ ਸ: ਜੀ ਹਿੰਦੂਆਂ ਨੂੰ ਖੁਸ਼ ਕਰਨ ਅਤੇ ਆਪਣੇ ਆਪ ਨੂੰ ਹਿੰਦੂਆਂ ਵਿਚ ਮਕਬੂਲ ਕਰਨ ਲਈ ਇਥੋਂ ਤਕ ਚਲੇ ਗਏ ।



Digitized by Panjab Digital Library | www.panjabdigilib.org

ਇਨ੍ਹਾਂ ਆਪਣੇ ਭਾਸ਼ਨਾਂ ਵਿਚ ਕਈ ਵਾਰ ਕਿਹਾ ਕਿ "ਅਸੀਂ ਸਾਰੇ ਹਿੰਦੂਆਂ ਵਿਚੋਂ ਹਾਂ। ਸਾਡੇ ਖ਼ਾਨਦਾਨ ਦੇ ਸਾਰੇ ਵਡਕੇ ਹਿੰਦੂ ਸਨ, ਸਾਡੇ ਸਾਰੇ ਅੰਗ-ਸਾਕ ਹੁਣ ਵੀ ਹਿੰਦੂ ਹਨ। ਅਸਾਂ ਆਪਣੇ ਘਰਾਂ ਵਿਚ ਉਨ੍ਹਾਂ ਵਾਸਤੇ ਹੁਕੇ ਤੇ ਚਿਲਮਾਂ ਹੁਣ ਵੀ ਰਖੀਆਂ ਹੋਈਆਂ ਹਨ ਕਿ ਜਦੋਂ ਸਾਡੇ ਘਰ ਹਿੰਦੂ ਰਿਸ਼ਤੇਦਾਰ ਆਂਦੇ ਹਨ ਤਾਂ ਅਸੀਂ ਉਨ੍ਹਾਂ ਨੂੰ offer ਕਰਦੇ ਹਾਂ। ਕਿਤਨੇ ਨੀਵੇਂ ਚਲੇ ਗਏ ਸ: ਜੀ। ਆਪਣੀ ਸਿੱਖੀ ਦਾ ਤੂਲ-ਅਰਜ਼ ਆਪਣੇ ਆਪ ਪ੍ਰਗਟ ਕਰ ਦਿਤਾ।" ਖਿਮਾਂ ਕਰਨੀ ਦਾਸ ਲੇਖਕ ਵੀ ਹਿੰਦੂ ਖਾਨਦਾਨ ਵਿਚੋਂ ਹੈ। ਦਾਸ ਦੇ ਅੰਗ ਸਾਕ ਵੀ ਬਹੁਤੇ ਹਿੰਦੂ ਹਨ ਤੇ ਦਾਸ ਵੀ ਜਵਾਨੀ ਵਿਚ ਸ਼ਾਦੀ ਤੋਂ ਬਾਦ ਹੀ ਸਿੰਘ ਸਜਿਆ ਹੈ। ਦਾਸ ਦੇ ਘਰ ਵੀ ਹਿੰਦੂ ਰਿਸ਼ਤੇਦਾਰ, ਸਜਣ-ਮਿਤ੍ਰ ਆਂਦੇ ਰਹਿੰਦੇ ਹਨ। ਕਈ ਉਨ੍ਹਾਂ ਵਿਚੋਂ ਨਾਨ ਸਟਾਪ (Nonstop) ਸਿਗਰਟ ਬੀੜੀ ਪੀਣ ਦੇ ਆਦੀ ਹਨ। ਟੱਟੀ ਜਾਂਦਿਆਂ ਵੀ ਸਿਗਰਟ, ਰੋਟੀ ਖਾਦਿਆਂ ਵੀ ਸਿਗਰਟ, ਉਠਦਿਆਂ ਬਹਿੰਦਿਆਂ, ਸੌਂਦਿਆਂ ਜਾਗਦਿਆਂ ਸਿਗਰਟ। ਇਕ ਸਿਗਰਟ ਖਤਮ ਹੋਣ ਤੇ ਆਂਦਾ ਹੈ ਤਾਂ ਦੂਜਾ ਉਸੇ ਨਾਲ ਸੁਲਗਾ ਲੈਂਦੇ ਹਨ। ਪਰ ਜਦੋਂ ਵੀ ਉਹ ਮੇਰੇ ਘਰ ਕਦੀ ਆਣ ਤਾਂ ਸਿਗਰਟ ਪੀਣ ਲਈ ਬਾਹਰ ਦੂਰ ਉਠ ਕੇ ਚਲੇ ਜਾਂਦੇ ਹਨ। ਸਾਡੇ ਘਰ ਕੋਈ ਸਿਰਗਟ ਨਹੀਂ ਪੀ ਸਕਦਾ। ਸਗੋਂ ਸਿਗਰਟ ਪੀਣ ਵਾਲੇ ਦੇ ਹਥੋਂ ਕੋਈ ਚੀਜ਼ ਲੈਣ ਨੂੰ ਵੀ ਸੰਕੋਚ ਕੀਤਾ ਜਾਂਦਾ ਹੈ, ਭਾਵੇਂ ਕੋਈ ਰਾਜ਼ੀ ਹੋਵੇ ਜਾਂ ਨਾਰਾਜ਼ ਗਲ ਅਸੂਲ ਦੀ ਹੋਣੀ ਚਾਹੀਦੀ ਹੈ।

ਸ: ਹੁਕਮ ਸਿੰਘ ਜੀ ਚੋਣਾਂ ਵਿਚ ਸਫਲ ਹੋ ਕੇ ਐਮ. ਪੀ. ਬਣ ਗਏ। ਹੁਣ ਕਾਂਗਰਸੀ ਨੇਤਾਵਾਂ ਨੂੰ ਪੂਰਾ ਨਿਸ਼ਚੇ ਹੋ ਗਿਆ ਸੀ ਕਿ ਹੁਕਮ ਸਿੰਘ ਜੀ ਅਜਮਾਇਸ਼ ਦੀਆਂ ਘੜੀਆਂ 'ਚੋਂ ਪਾਸ ਹੋ ਚੁਕੇ ਹਨ। ਅਕਾਲੀ ਰੰਗ ਉਨ੍ਹਾਂ ਤੋਂ ਬਿਲਕੁਲ ਉਤਰ ਗਿਆ ਹੈ ਤੇ ਕਾਂਗਰਸੀ ਰੰਗ ਪੂਰੇ ਤੌਰ ਤੇ ਚੜ੍ਹ ਗਿਆ ਹੈ, ਹੁਣ ਪੂਰੇ ਵਿਸ਼ਵਾਸ ਦੇ ਪਾਤਰ ਬਣ ਚੁਕੇ ਹਨ। ਹੁਣ ਉਨ੍ਹਾਂ ਨੂੰ ਡਿ: ਸਪੀਕਰ ਤੋਂ ਪੂਰਾ ਸਪੀਕਰ (Full Speaker) ਬਣਾ ਦਿਤਾ ਗਿਆ। ਫਿਰ ਉਸ ਤੋਂ ਬਾਦ ਗਵਰਨਰ ਬਣ ਕੇ ਹੁਣ ਰੀਟਾਇਰ ਹੋ ਕੇ ਘਰ ਆ ਬੈਠੇ ਹਨ। ਪੈਨਸ਼ਨ ਲਗੀ ਹੋਈ ਹੈ, ਮੌਜ ਮੇਲਾ ਬਣਿਆ ਹੋਇਆ ਹੈ। ਮੰਨ ਲਿਆ ਕਿ ਸ: ਹੁਕਮ ਸਿੰਘ ਜੀ ਦੁਨੀਆਈ ਤੌਰ ਤੇ ਕਾਮਯਾਬ ਹੋ ਕੇ ਰਾਜਸੀ ਇਜ਼ਤ ਤੇ ਪ੍ਰਾਪਤ ਕਰ ਚੁਕੇ ਹਨ, ਪਰ ਕੀ ਕੋਈ ਰੀਕਾਰਡ ਉਨ੍ਹਾਂ ਪਾਸ ਹੈ ਕਿ ਉਹ ਦਸ ਸਕਦੇ ਹੋਣ ਕਿ ਉਨ੍ਹਾਂ ਦੀ ਇਸ High Position ਦਾ ਪੰਥ ਨੂੰ ਕੀ ਫਾਇਦਾ ਹੋਇਆ ਹੈ।



Digitized by Panjab Digital Library | www.panjabdigilib.org

ਉਨ੍ਹਾਂ ਨੇ ਡਿ: ਸਪੀਕਰ, ਸਪੀਕਰ ਜਾਂ ਗਵਰਨਰ ਬਣ ਕੇ ਪੰਥ ਦੀ ਕੀ ਤਰਜ-ਮਾਨੀ ਕੀਤੀ ਹੈ, ਪੰਥ ਦਾ ਸਿਰ ਵੀ ਉਚਾ ਹੋਇਆ ਜਾਂ ਨਹੀਂ ?

ਮੰਨ ਲਿਆ ਕਿ ਇਨਸਾਨੀ ਫਿਤਰਤ ਹੈ ਕਿ ਹਰ ਕੋਈ ਆਪਣੀ ਦੁਨਿ-ਆਵੀ ਇਜ਼ਤ ਮਾਨ ਪ੍ਰਤਿਸ਼ਠਾ ਤੇ ਸ਼ਾਨ ਉਚੀ ਕਰਨ ਦਾ ਆਹਰ ਕਰਦਾ ਹੈ। V.I.P. ਬਣਨਾ ਚਾਹੁਦਾ ਹੈ। ਆਪਣਾ ਵਕਾਰ ਤੇ Personality ਬਣਾ ਕੇ ਲੋਕਪ੍ਰਿਆ ਹੋ ਕੇ ਵਡੀ ਸ਼ੋਭਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਮਾਣ ਪ੍ਰਤਿਸ਼ਠਾ ਦਾ ਕੇਵਲ ਇਤਨਾ ਹੀ ਲਾਭ ਹੈ ਕਿ ਮਰਨ ਤੋਂ ਬਾਦ ਕੋਈ ਮੜ੍ਹੀ ਤੇ ਫੁਲਾਂ ਦਾ ਸੇਹਰਾ (WREATH) ਚੜ੍ਹਾ ਦੇਵੇ ਜਾਂ ਬਰਸੀਆਂ ਮਨਾਣ ਦਾ ਸਿਲਸਿਲਾ ਚਲ ਪਵੇ। ਹੋਰ ਇਸ ਤੋਂ ਵਧ ਕੁਝ ਵੀ ਨਹੀਂ। ਗੁਰਮਤਿ ਵਿਚ ਇਸ ਦੀ ਕੋਈ ਕੀਮਤ ਨਹੀਂ। ਕਿਸੇ ਨੂੰ ਕੋਈ ਆਪਤੀ ਜਾਂ ਇਤਰਾਜ਼ ਨਹੀਂ ਜੇ ਕੋਈ ਅਜਿਹਾ ਕਰਨਾ ਚਾਹਵੇ, ਪਿਆ ਕਰੇ। ਵਡਾ ਬਣੇ, ਜੋ ਕੁਝ ਮਰਜ਼ੀ ਹੈ ਬਣੇ। **BUT NOT AT THE COST OF PANTH.**

ਗਿ: ਕਰਤਾਰ ਸਿੰਘ ਦੀ ਗਲ ਕੀ ਕਰੀਏ ਉਸ ਨੇ ਪੰਥ ਵਿਰੁਧ ਜੋ ਰੋਲ ਅਦਾ ਕੀਤਾ ਇਹ ਵਖਰੀ ਕਹਾਣੀ ਹੈ। ਜਦੋਂ ਪੰਥਕ ਸਟੇਜਾਂ ਤੇ ਲੰਮੀਆਂ-ਲੰਮੀਆਂ ਤਕਰੀਰਾਂ ਕਰਦਾ ਸੀ ਤਾਂ ਲੋਕੀ ਉਸ ਨੂੰ ਪੰਥ ਦਾ ਦਿਮਾਗ਼ ਆਖਦੇ ਸਨ। ਜਦੋਂ ਉਸ ਨੇ ਵਜ਼ੀਰੀ ਪਿਛੇ ਕਲਾਬਾਜ਼ੀਆਂ ਮਾਰਨੀਆਂ ਸ਼ੁਰੂ ਕੀਤੀਆਂ ਤੇ ਪੰਥ ਦੇ ਵਿਰੁਧ ਬੋਲਣ ਲਗ ਪਿਆ ਤਾਂ ਉਸ ਦਾ ਨਾਂ ਲੋਕਾਂ "ਨਾਰਦ ਮੁਨੀ" ਰਖ ਦਿਤਾ। ਲੋਕੀ ਹਾਸੀ ਕਰਦਿਆਂ ਕਹਿੰਦੇ ਸਨ ਕਿ ਗਿ: ਕਰਤਾਰ ਸਿੰਘ ਦਾ ਬਾਪ ਆਖਦਾ ਹੁੰਦਾ ਸੀ ਕਿ ਉਸ ਨੇ ਇਸ (ਕਰਤਾਰ ਸਿੰਘ) ਨੂੰ ਨਖਟੂ, ਨਾਲਾਇਕ, ਸ਼ੁਦਾਈ ਜਾਣ ਕੇ ਘਰੋਂ ਕਢ ਦਿਤਾ ਸੀ, ਪਰ ਸਿੱਖਾਂ ਨੇ ਇਸ ਨੂੰ ਚੁਕ ਕੇ ਲੀਡਰ ਬਣਾ ਧਰਿਆ।

ਸ਼੍ਰੋ: ਅਕਾਲੀ ਦਲ ਕੇਵਲ ਇਕੋ ਹੀ ਸਿੱਖਾਂ ਦੀ ਰਾਜਸੀ ਜਮਾਤ ਚਲੀ ਆ ਰਹੀ ਸੀ। ਪਰ ਜਦੋਂ ਗਿਆਨੀ ਕਰਤਾਰ ਸਿੰਘ ਵਜ਼ੀਰੀ ਦੇ ਚਕਰ ਕਾਰਣ ਅਕਾਲੀ ਦਲ ਨਾਲੋਂ ਵਿਗੜਿਆ ਤਾਂ ਸੰਗਤਾਂ ਨੂੰ ਗੁਮਰਾਹ ਕਰਨ ਵਾਸਤੇ ਆਪਣੇ ਚੇਲੇ-ਚਾਟਿਆਂ ਨੂੰ ਇਕਠਾ ਕਰਕੇ ਦੂਜਾ ਸ਼੍ਰੋ: ਅਕਾਲੀ ਦਲ ਖੜਾ ਕਰ ਦਿਤਾ। ਸਭ ਤੋਂ ਪਹਿਲਾਂ ਹੋਰ ਵਖਰਾ ਅਕਾਲੀ ਦਲ ਬਣਾ ਕੇ ਪੰਥ ਵਿਚ ਇੰਤਸ਼ਾਰ ਪੈਦਾ ਕਰਨ ਦੀ ਪਿਰਤ ਗਿ: ਕਰਤਾਰ ਸਿੰਘ ਨੇ ਤੋਰੀ। ਮਗਰੋਂ ਕਈ ਅਕਾਲੀ ਦਲ ਬਣਨੇ ਸ਼ੁਰੂ ਹੋ ਗਏ। ਜਥੇਦਾਰ ਸੰਪੂਰਨ ਸਿੰਘ ਰਾਮਾ ਨੇ



Digitized by Panjab Digital Library | www.panjabdigilib.org

ਆਪਣਾ ਅਕਾਲੀ ਦਲ ਬਣਾ ਲਿਆ । ਪਰ ਇਹ ਅਕਾਲੀ ਦਲ ਚਲ ਨਹੀਂ ਸਕੇ । ਗਿਆਨੀ ਦੇ ਅਕਾਲੀ ਦਲ ਨੂੰ ਲੋਕ ਨਕਲੀ ਤੇ ਜਾਪਾਨੀ ਅਕਾਲੀ ਦਲ ਆਖਦੇ ਸਨ । ਫਿਰ ਤਾਂ ਇਸ ਪਿਛੋਂ ਅਕਾਲੀ ਦਲਾਂ ਦੀ ਭਰਮਾਰ ਹੀ ਸ਼ੁਰੂ ਹੋ ਗਈ । ਫੇਰੂਮਾਨ ਅਕਾਲੀ ਦਲ, ਸੰਤ ਫਤਹ ਸਿੰਘ ਅਕਾਲੀ ਦਲ । ਇਕ ਅਕਾਲੀ ਦਲ ਸ: ਹਰਚਰਨ ਸਿੰਘ ਹੁਡਿਆਰੇ ਨੇ ਵੀ ਬਣਾਇਆ । ਅਜ ਕਲ੍ਹ ਵੀ ਤਿੰਨ ਚਾਰ ਅਕਾਲੀ ਦਲ ਤੁਰੇ ਫਿਰਦੇ ਹਨ ਤੇ ਆਪੋ ਆਪਣੇ ਵਿਚ ਗੁਥਮ ਗੁਥਾ ਹੋ ਰਹੇ ਹਨ ।

ਗਿ: ਕਰਤਾਰ ਸਿੰਘ ਨੇ ਜ਼ਰਾ ਕੁ ਕਾਂਟਾ ਬਦਲਿਆ ਤੇ ਗਡੀ ਹੋਰ ਪਾਸੇ ਨਿਕਲ ਗਈ, ਹੁਣ ਪਿਛਾਂਹ ਮੋੜਨੀ ਔਖੀ ਹੈ । ਕਿਤਨਾ ਜ਼ਬਰਦਸਤ ਧ੍ਰੋਹ ਤੇ ਜ਼ੁਲਮ ਕਮਾਇਆ ਉਸ ਗਿਆਨੀ ਨੇ ਪੰਥ ਨਾਲ । ਕੀ ਪਤੈ ਗੁਰੂ ਗੋਬਿੰਦ ਸਿੰਘ ਜੀ ਉਸ ਨਾਲ ਕਿਵੇਂ ਨਿਬੜੇ ਹੋਣਗੇ । ਉਸੇ ਗਿ: ਦੇ ਪਾਏ ਪੂਰਨਿਆਂ ਤੇ ਚਲ ਕੇ ਅਜ ਕਲ੍ਹ ਦੇ ਨਾਸਮਝ ਜਥੇਦਾਰ ਲੀਡਰ ਵੀ ਆਪੋ ਆਪਣੇ ਅਕਾਲੀ ਦਲ ਬਣਾ ਕੇ ਇਕ ਤੋਂ ਇਕ ਅਗੇ ਵਧ ਕੇ ਪੰਥ ਦਾ ਬੇੜਾ ਗਰਕ ਕਰਨ ਦਾ Credit ਲੈਣ ਦਾ ਯਤਨ ਕਰ ਰਹੇ ਹਨ । ਤੇ ਉਸ ਗਿਆਨੀ ਦਾ ਛੋਡਿਆ ਹੋਇਆ ਪੰਥ ਮਾਰੂ ਪ੍ਰੋਗਰਾਮ ਇਨ੍ਹਾਂ ਨੇ ਹੀ ਪੂਰਾ ਕਰਨਾ ਹੈ । ਇਕ ਆਖਦਾ ਹੈ ਮੇਰਾ ਦਲ ਸਚਾ ਹੈ । ਦੂਜਾ ਆਪਣੇ ਨੂੰ ਵਧੀਆ ਆਖਦਾ ਤੇ ਤੀਜਾ ਉਸ ਤੋਂ ਵੀ ਅਗੇ ਵਧ ਕੇ ਸ਼ੋਰ ਮਚਾਂਦਾ ਹੈ ਕਿ ਬਾਕੀ ਸਾਰੇ ਦਲ ਝੂਠੇ ਹਨ ਇਕ ਮੈਂ ਹੀ ਠੀਕ ਹਾਂ ਤੇ ਮੇਰਾ ਪ੍ਰੋਗਰਾਮ ਹੀ ਠੀਕ ਹੈ । ਲੋਕਾਂ ਦੀ ਮਤਿ ਹੀ ਇਨ੍ਹਾਂ ਮਾਰ ਦਿਤੀ ਹੈ । ਲੋਕਾਂ ਨੂੰ ਧੋਖਾ ਦੇ ਰਹੇ ਹਨ । ਪਰ ਇਹ ਗਲ ਸਮਝਣ ਵਾਲੀ ਹੈ ਤੇ ਗੁਰਮਤ ਵੀ ਇਹ ਦਸਦੀ ਹੈ ਕਿ **'ਸੱਚ'** ਕੇਵਲ **'ਇਕ'** ਹੀ ਹੁੰਦਾ ਹੈ, **ਦੋ ਜਾਂ ਵਧ 'ਸਚ'** ਕਦੀ ਨਹੀਂ ਹੋਏ । ਝੂਠ ਬਹੁਤੇਰੇ ਹੋ ਸਕਦੇ ਹਨ । ਇਹ ਤਾਂ ਅਕਲ ਦੇ ਅੰਨੇ ਨੂੰ ਵੀ ਪਤਾ ਹੈ ਕਿ ਜਿਸ ਕੌਮ ਵਿਚ ਬਹੁਤਾ ਇੰਤਸ਼ਾਰ ਹੋਵੇ । ਬਹੁਤੀਆਂ ਪਾਰਟੀਆਂ ਹੋਣ, ਬਹੁਤੇ ਦਲ ਹੋਣ ਉਸ ਦਾ ਡਿਸਿਪਲਨ ਕਾਇਮ ਨਹੀਂ ਰਹਿ ਸਕਦਾ, ਉਸ ਦੀ ਏਕਤਾ ਨਹੀਂ ਹੋ ਸਕਦੀ, ਉਸ ਦਾ ਮਿਟ ਜਾਣਾ ਯਕੀਨੀ ਹੈ ।

ਗਿ: ਕਰਤਾਰ ਸਿੰਘ ਨੇ ਵਜ਼ੀਰੀ ਸਮੇਂ ਆਪਣੇ ਆਪ ਨੂੰ ਸ਼ੁਧ ਕਾਂਗਰਸੀ ਤੇ ਮਾਸਟਰ ਤਾਰਾ ਸਿੰਘ ਦਾ ਵਿਰੋਧੀ ਸਾਬਤ ਕਰਨ ਵਾਸਤੇ ਕੀ ਕੁਝ ਨਹੀਂ ਕੀਤਾ, ਤਾਂਕਿ ਉਸ ਦੀ ਵਜ਼ੀਰੀ ਪਕੀ ਹੋ ਜਾਵੇ । ਉਸ ਮਾਸਟਰ ਤਾਰਾ ਸਿੰਘ ਜੀ ਨੂੰ ਗ੍ਰਿਫਤਾਰ ਕਰਾਕੇ ਜੇਲ੍ਹ ਵਿਚ ਪਾਇਆ । ਮਾਸਟਰ ਜੀ ਦੇ ਲੜਕੇ ਸ. ਜਸਵੰਤ



Digitized by Panjab Digital Library | www.panjabdigilib.org

ਸਿੰਘ ਦੀ ਅਸਲੇ ਦੀ ਦੁਕਾਨ ਤੇ ਛਾਪਾ ਮਰਵਾ ਕੇ ਦੁਕਾਨ ਸੀਲ ਮੋਹਰ ਕਰਾ ਦਿਤੀ। ਪਰ ਫਿਰ ਵੀ ਸ: ਪ੍ਰਤਾਪ ਸਿੰਘ ਕੈਰੋਂ ਮੁਖ ਮੰਤਰੀ ਪੰਜਾਬ ਨੇ ਇਸ ਨੂੰ ੧੯੫੯ ਵਿਚ ਵਜ਼ੀਰੀਓਂ ਸ਼ੂਟ ਆਊਟ ਕਰ ਦਿਤਾ ਤੇ ਉਸ ਤੋਂ ਬਾਦ ਇਹ ਗਿਆਨੀ ਮੁੜ ਤੇਜ਼ੀ ਨਾਲ ਪੰਥ ਦੀ ਵਿਰੋਧਤਾ ਕਰਦਾ ਰਿਹਾ। ੧੯੫੯-੬੦ ਦੀਆਂ ਸ਼੍ਰੋ: ਕਮੇਟੀ ਦੀਆਂ ਚੋਣਾਂ ਵਿਚ ਇਸ ਨੇ ਸਰਕਾਰੀ ਦਲਾਂ ਨਾਲ ਮਿਲ ਕੇ ਅਕਾਲੀ ਦਲ ਦੀ ਵਿਰੋਧਤਾ ਲਈ ਸਿਰਧੜ ਦੀ ਬਾਜ਼ੀ ਲਾ ਦਿਤੀ। ਸਾਰੀ ਸਰਕਾਰ (ਸੂਬਾਈ ਤੇ ਸੈਂਟ੍ਰਲ ਦੋਵੇਂ ਸਰਕਾਰਾਂ) ਗੁਰਦਵਾਰਾ ਚੋਣਾਂ ਵਿਚ ਨੰਗੀ ਹੋ ਕੇ ਮੈਦਾਨ ਵਿਚ ਨਿਤਰੀ, ਪਰ ਜਦੋਂ ਨਤੀਜਾ ਨਿਕਲਿਆ ਤਾਂ ਸ਼੍ਰੋ: ਕਮੇਟੀ ਦੇ ੧੪੦ ਹਲਕਿਆਂ ਵਿਚੋਂ ੧੩੬ ਉਮੀਦਵਾਰ ਸ਼੍ਰੋ: ਅਕਾਲੀ ਦਲ ਦੇ ਕਾਮਯਾਬ ਹੋਏ। ਗਿਆਨੀ ਨੂੰ ਇਤਨੀ ਸਖਤ ਪੰਥ ਵਿਰੋਧਤਾ ਕਰਨ ਦੇ ਬਾਵਜੂਦ ਫਿਰ ਕਦੀ ਵੀ ਵਜ਼ੀਰੀ ਦੀ ਕੁਰਸੀ ਨਹੀਂ ਮਿਲ ਸਕੀ।

## ਮ: ਤਾਰਾ ਸਿੰਘ ਜੀ

ਇਹ ਗਲ ਤਾਂ ਆਮ ਲੋਕੀ ਅਤੇ ਮਾਸਟਰ ਜੀ ਦੇ ਵਿਰੋਧੀ ਵੀ ਭਲੀ ਪ੍ਰਕਾਰ ਜਾਣਦੇ ਤੇ ਮੰਨਦੇ ਸਨ ਕਿ ਸ੍ਰ: ਮਾ: ਤਾਰਾ ਸਿੰਘ ਨੂੰ ਉਨ੍ਹਾਂ ਦੇ ਸਟੈਂਡ ਤੋਂ ਕੋਈ ਹਿਲਾ ਨਹੀਂ ਸਕਿਆ। ਕਿਸੇ ਵੀ ਕੀਮਤ ਤੋਂ ਉਹ ਖਰੀਦੇ ਨਹੀਂ ਜਾ ਸਕੇ।

ਇਕ ਵਾਰੀ ਮਹਾਰਾਜਾ ਭੂਪਿੰਦਰ ਸਿੰਘ ਆਫ ਪਟਿਆਲਾ ਦਾ ਮਹਾਰਾਜਾ ਰਿਪੁਦਮਨ ਸਿੰਘ ਆਫ ਨਾਭਾ ਨਾਲ ਮਤ ਭੇਦ ਹੋ ਗਿਆ। ਮਹਾਰਾਜਾ ਨਾਭਾ ਬੜੇ ਗੁਰਮੁਖ ਤੇ ਸਿੱਖੀ ਸੁਭਾਵ ਦੇ ਸਨ। ਪਰ ਮਹਾਰਾਜਾ ਭੂਪਿੰਦਰ ਸਿੰਘ ਲਿੰਗ ਵਾਸਨਾ ਦਾ ਰਸੀਲਾ ਸੀ, ਜਿਸ ਕਰਕੇ ਉਸ ਨੇ ਬੇਸ਼ੁਮਾਰ ਰਾਣੀਆਂ ਆਪਣੇ ਮਹਿਲਾਂ ਵਿਚ ਜਮ੍ਹਾਂ ਕੀਤੀਆਂ ਹੋਈਆਂ ਸਨ। ਮਾਸਟਰ ਤਾਰਾ ਸਿੰਘ ਜੀ, ਸਿੱਖ ਮਹਾਰਾਜਾ ਹੋਣ ਕਰਕੇ ਅਜਿਹੀਆਂ ਕਰਤੂਤਾਂ ਨੂੰ ਚੰਗਾ ਨਹੀਂ ਸਨ ਸਮਝਦੇ। ਮਾਸਟਰ ਜੀ ਨੇ ਮਹਾਰਾਜਾ ਭੂਪਿੰਦਰ ਸਿੰਘ ਦੇ ਵਿਰੁਧ ਤਾਬੜ ਤੋੜ ਲੇਖ ਆਪਣੀ ਅਖ਼ਬਾਰ ਵਿਚ ਲਿਖੇ।

ਇਕ ਵਾਰੀ ਮਹਾਰਾਜਾ ਭੂਪਿੰਦਰ ਸਿੰਘ ਆਫ ਪਟਿਆਲਾ ਨੇ ਮਾਸਟਰ ਜੀ ਨੂੰ ਬੁਲਾਕੇ ਇਕ ਕੋਰਾ ਚੈਕ ਆਪਣੇ ਹਸਤਾਖਸ਼ਰ ਕਰਕੇ ਪੇਸ਼ ਕੀਤਾ ਤੇ ਆਖਿਆ ਜਿਤਨਾ ਮਰਜ਼ੀ ਹੈ, ਲਖ, ਦੋ ਲਖ, ਕਰੋੜ ਭਰ ਲਵੋ। ਮਾਸਟਰ ਜੀ ਨੇ ਉਸ ਚੈਕ ਨੂੰ ਜੁਤੀ ਦੀ ਨੋਕ ਨਾਲ ਠੁਕਰਾ ਦਿਤਾ ਅਤੇ ਮਹਾਰਾਜੇ ਨੂੰ ਖੂਬ ਝਾੜਿਆ ਕਿ ਤੂੰ ਮੈਨੂੰ ਖਰੀਦਣਾ ਚਾਹੁੰਦਾ ਹੈ? ਕੋਲ ਇਕ ਅੰਗਰੇਜ਼ ਵੀ ਬੈਠਾ ਸੀ ਜੋ



Digitized by Panjab Digital Library | www.panjabdigilib.org

ਮਹਾਰਾਜੇ ਨੂੰ ਮਿਲਣ ਆਇਆ ਸੀ, ਇਹ ਸੀਨ ਦੇਖ ਕੇ ਉਸ ਉਂਗਲਾਂ ਮੂੰਹ ਵਿਚ ਪਾ ਲਈਆਂ। ਇਸ ਤੋਂ ਬਾਦ ਫਿਰ ਮਾਸਟਰ ਜੀ ਮਹਾਰਾਜੇ ਵਿਰੁਧ ਤਾਬੜ ਤੋੜ ਲੇਖ ਲਿਖਦੇ ਰਹੇ।

੧੯੬੨ ਦੀਆਂ ਦੇਸ਼ ਦੀਆਂ ਜਨਰਲ ਚੋਣਾਂ ਸਮੇਂ ਸ: ਪ੍ਰਤਾਪ ਸਿੰਘ ਕੈਰੋਂ ਨੇ ਮਾਸਟਰ ਜੀ ਦੀ ਸਪੁਤ੍ਰੀ ਡਾ: ਰਜਿੰਦਰ ਕੌਰ ਐਮ. ਏ. ਪੀ. ਐਚ. ਡੀ. ਨੂੰ ਸਰਹਾਲੀ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਕਾਂਗਰਸੀ ਟਿਕਟ ਦੇਣੀ ਚਾਹੀ ਅਤੇ ਵਿਚਾਰ ਇਹ ਸੀ ਕਿ ਕੈਰੋਂ ਬੀਬੀ ਜੀ ਨੂੰ ਕਾਮਯਾਬ ਕਰਾਕੇ ਵਜ਼ੀਰ ਬਣਾ ਕੇ ਮਾਸਟਰ ਜੀ ਦਾ ਮੂੰਹ ਬੰਦ ਕਰਨਾ ਚਾਹੁੰਦਾ ਸੀ। ਪਰ ਮਾਸਟਰ ਜੀ ਨੇ ਘੁਰਕ ਕੇ ਆਖਿਆ ਕਿ "ਮਤ ਕੋਈ ਮੇਰੀ ਪੁਤ੍ਰੀ ਦਾ ਨਾਂ ਲਵੇ। ਇਸ ਤਰ੍ਹਾਂ ਮੈਂ ਬਲੈਕ-ਮੇਲ ਨਹੀਂ ਹੋਵਾਂਗਾ।"

ਇਸ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਆਣ ਤੋਂ ਬਾਦ ਪੰਡਤ ਨਹਿਰੂ ਜੀ ਨੇ ਬੜਾ ਜ਼ੋਰ ਲਾਇਆ, ਡਾ: ਕਾਟਜੂ, ਸ੍ਰੀਮਤੀ ਡਾ: ਸੁਸ਼ੀਲਾ ਨਾਇਰ ਜੋ ਉਸ ਵੇਲੇ Health Minister ਸੀ ਨੇ ਬਹੁਤ ਕਿਹਾ ਕਿ ਮਾਸਟਰ ਜੀ ਹੁਣ ਛੋੜੋ ਵਖਰੇਪਨ ਨੂੰ ਫਿਰਕਾ-ਪ੍ਰਸਤੀ ਦੀ ਹੁਣ ਕੋਈ ਥਾਂ ਨਹੀਂ। ਹੁਣ ਆਓ ਸਾਡੇ ਵਰਗੇ ਹੋ ਜਾਓ ਤੇ ਸਾਡੇ ਨਾਲ ਰਲ ਕੇ ਰਾਜ ਭਾਗ ਦੇ ਸੁਖ ਮਾਣੋ। ਪੰਡਤ ਨਹਿਰੂ ਦੇਸ਼ ਦਾ ਸਭ ਤੋਂ ਵਡਾ ਲਾਇਕ Statesman ਸੀ, ਪਰ ਮਾ: ਜੀ ਦੀ ਸਚਾਈ, ਦੂਰ-ਅੰਦੇਸ਼ੀ, ਦਲੇਰੀ, ਦ੍ਰਿੜ੍ਹਤਾ ਤੇ ਸਿਆਸੀ ਸੂਝ ਬੂਝ ਵਿਚ ਆਪਣੇ ਆਪ ਨੂੰ No 2 ਤੇ ਸਮਝਦਾ ਸੀ। ਪਰ ਮਾਸਟਰ ਜੀ ਇਕੋ ਗਲ ਕਹਿੰਦੇ ਸਨ ਕਿ ਉਹ ਕਾਂਗਰਸ ਦੇ ਨਾਲ (WTIH) ਤਾਂ ਹਨ, ਪਰ ਕਾਂਗਰਸ ਵਿਚ (IN) ਗੜੂੰਦ ਨਹੀਂ ਹੋਣਾ ਚਾਹੁੰਦੇ। ਪਰ ਪੰਡਤ ਜੀ ਕਾਂਗਰਸ ਵਿਚ (IN) ਮਾਸਟਰ ਜੀ ਨੂੰ ਲਿਆਣਾ ਚਾਹੁੰਦੇ ਸਨ। ਜੇ ਮਾਸਟਰ ਜੀ ਮੰਨ ਜਾਂਦੇ ਤਾਂ ਪੰਡਤ ਜੀ ਆਪਣੇ ਥਲੇ ਸਭ ਤੋਂ ਵਡਾ ਔਹਦਾ ਦੇਣਾ ਚਾਹੁੰਦੇ ਸਨ। ਮਾਸਟਰ ਜੀ ਕਹਿੰਦੇ ਸਨ ਕਿ ਜੇ ਕਾਂਗਰਸ ਵਿਚ ਮਿਲ ਜਾਈਏ ਤਾਂ ਸਿਖਾਂ ਦੀ ਆਜ਼ਾਦ ਹਸਤੀ ਨਹੀਂ ਰਹਿੰਦੀ ਤੇ ਸਿੱਖੀ ਦੀ ਮੌਤ ਦੇ ਵਾਰੰਟਾਂ ਤੇ ਆਪ ਦਸਖਤ ਕਰਨ ਦੇ ਤੁਲ ਸਮਝਦੇ ਸਨ। ਪਰ ਜੇ ਪੰਡਤ ਜੀ ਦੀ ਗਲ ਮੰਨ ਕੇ ਮਾਸਟਰ ਜੀ ਕੋਈ ਔਹਦਾ ਲੈ ਲੈਂਦੇ ਤਾਂ ਸ: ਹੁਕਮ ਸਿੰਘ, ਗਿ: ਕਰਤਾਰ ਸਿੰਘ ਤੇ ਦੂਜੇ ਤੀਜਿਆਂ ਨੂੰ ਕਿਸ ਨੇ ਪੁਛਣਾ ਸੀ। ਮਾਸਟਰ ਜੀ ਚੂੰਕਿ ਅ-ਹਿਲ ਚਟਾਨ ਵਾਂਗ ਡਟੇ ਹੋਏ ਸਨ, ਇਸ ਲਈ ਪੰਡਤ ਜੀ ਨੇ ਉਨ੍ਹਾਂ ਦੀਆਂ ਬਾਹਵਾਂ-ਲਤਾਂ ਅਤੇ ਖੰਭ ਆਦਿ ਤੋੜ ਕੇ



Digitized by Panjab Digital Library | www.panjabdigilib.org

ਉਨ੍ਹਾਂ ਨੂੰ ਰੁੰਡ-ਮੁੰਡ ਕਰ ਦੇਣਾ ਚਾਹਿਆ, ਤਾਂਕਿ ਉਹ ਕੁਝ ਕਰ ਹੀ ਨਾ ਸਕਣ। ਅਜਿਹਾ ਕਰਨ ਵਾਸਤੇ ਪੰਡਤ ਜੀ ਨੂੰ ਕਾਲੀਆਂ ਭੇਡਾਂ ਜਿਨ੍ਹਾਂ ਦਾ ਉਪਰ ਜ਼ਿਕਰ ਆ ਚੁਕਿਆ ਹੈ, ਸਿੱਖਾਂ ਵਿਚੋਂ ਮਿਲ ਹੀ ਗਈਆਂ।

ਮਾਸਟਰ ਜੀ ਜਿਥੇ ਇਤਨੇ ਦ੍ਰਿੜ੍ਹ ਵਿਸ਼ਵਾਸੀ ਤੇ ਸਿਆਣੇ ਸਨ। ਪਰ 'ਮਨੁੱਖ ਭੁਲਣਹਾਰ ਹੈ', "**ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ**" ਉਨ੍ਹਾਂ ਪਾਸੋਂ ਕੁਝ ਗ਼ਲਤੀਆਂ ਅਜਿਹੀਆਂ ਹੋ ਗਈਆਂ ਜਿਹੜੀਆਂ ਉਸ ਵੇਲੇ ਤੇ ਨਹੀਂ ਸਮਝੀਆਂ ਗਈਆਂ, ਪਰ ਹੁਣ ਉਨ੍ਹਾਂ ਦੇ ਹੀ ਬੁਨਿਆਦੀ ਅਸਰ ਨਾਲ ਪੰਥ ਦਾ ਭਠਾ ਬੈਠਦਾ ਜਾ ਰਿਹਾ ਹੈ। ਇਸ ਲਈ ਉਹ ਕੇਵਲ ਗ਼ਲਤੀਆਂ ਨਹੀਂ ਉਹ Blunders ਸਨ।

੧. ਪਹਿਲੀ ਗ਼ਲਤੀ ਇਹ ਕਿ ਜਦੋਂ ੧੯੨੫ ਵਿਚ ਮਾਸਟਰ ਜੀ, ਬਾਬਾ ਖੜਕ ਸਿੰਘ ਜੀ ਤੇ ਹੋਰ ਇਨ੍ਹਾਂ ਦੇ ਸਾਥੀ ਮੈਂਬਰਾਂ ਨੇ ਜਦੋਂ ਜੇਲ੍ਹ ਵਿਚ ਸਨ ਤਾਂ ਗੁ: ਐਕਟ ਜੋ ਅੰਗਰੇਜ਼ਾਂ ਨੇ ਬਣਾ ਕੇ ਪਾਸ ਕੀਤਾ ਸੀ, ਨੂੰ ਨਹੀਂ ਸੀ ਮੰਨਿਆ ਅਤੇ ਉਸ ਨੂੰ ਪੰਥ ਵਿਚ ਫੁਟ ਦਾ ਬੀਜ ਬੋਣ ਵਾਲਾ ਆਖਿਆ ਸੀ। ਪਰ ਅਗੇ ਚਲ ਕੇ ਮੰਨ ਹੀ ਲਿਆ ਤੇ ਉਸ ਦੇ ਅਧੀਨ ਕੰਮ ਕਰਦੇ ਰਹੇ। ਉਹ ਬਿਲਕੁਲ ਨਹੀਂ ਮੰਨਣਾ ਚਾਹੀਦਾ ਸੀ, ਭਾਵੇਂ ਬੰਦ ਬੰਦ ਕਟਾਣੇ ਪੈ ਜਾਂਦੇ। ਇਹ ਗੁਰਦਵਾਰਾ ਐਕਟ ਗੁਰਮਤਿ ਦੇ ਅਨੁਕੂਲ ਬਿਲਕੁਲ ਨਹੀਂ। ਇਸ ਦੀ ਵਜ਼ਾਹਤ ਮੈਂ ਆਪਣੇ ਟ੍ਰੈਕਟ ਨੰ: ੭ ਵਿਚ ਸਫਾ ੨੫-੩੨ ਤੇ ਕੀਤੀ ਹੈ।

੨. ਦੂਜੀ ਗ਼ਲਤੀ ਇਹ ਕਿ ਜਦੋਂ ਦੇਸ਼ ਦੀ ਆਜ਼ਾਦੀ ਤੋਂ ਬਾਦ ਦੇਸ਼ ਵਿਚ ਸੈਕੂਲਰ* ਨਿਜ਼ਾਮ ਲਿਆਂਦਾ ਗਿਆ ਤਾਂ ਚੋਣਾਂ ਵੀ ਸਾਂਝੀਆਂ ਕੀਤੀਆਂ ਗਈਆਂ, ਜਿਸ ਵਿਚ ਸਿੱਖਾਂ ਦੀ ਘਟ ਗਿਣਤੀ ਮਧੋਲੀ ਗਈ ਹੈ ਤੇ ਸਿੱਖਾਂ ਦੀ ਆਜ਼ਾਦ ਹਸਤੀ ਵਾਲੇ ਕਾਜ਼ ਨੂੰ ਭਾਰੀ ਸਟ ਵਜੀ ਹੈ। ਇਹ ਸਾਂਝੀਆਂ ਚੋਣਾਂ ਦਾ ਤਰੀਕਾ ਕਤਈ ਨਹੀਂ ਮੰਨਣਾ ਚਾਹੀਦਾ ਸੀ। ਦੇਸ਼ ਦੇ ਵਿਧਾਨ ਤੇ ਅਗੇ ਹੀ ਸਿੱਖਾਂ ਵਲੋਂ ਹਸਤਾਖਸ਼ਰ ਹੋਏ ਹੀ ਨਹੀਂ। ਜੇ ਉਸ ਵੇਲੇ ਡਟ ਜਾਂਦੇ ਤਾਂ ਕੰਮ ਬਣ ਜਾਣਾ ਸੀ, ਕਿਉਂਕਿ ਉਸ ਵੇਲੇ ਕਾਂਗਰਸ ਹਕੂਮਤ ਇਤਨੀ ਸ਼ਕਤੀਸ਼ਾਲੀ ਨਹੀਂ ਸੀ, ਜਿਤਨੀ ਹੁਣ ਹੈ।

---

* Secular ਸ਼ਬਦ ਅੰਗਰੇਜ਼ੀ ਦਾ ਹੈ, ਇਸ ਦੀ ਅਜੇ ਤਕ ਤਸ਼ਰੀਹ ਨਹੀਂ ਹੋਈ। ਮੇਰਾ ਟ੍ਰੈਕਟ ਨੰ: ੪ ਉਰਦੂ '**ਭਾਰਤ ਦੇਸ਼ ਕਾ ਬੁਰਾ ਹਾਲ**' ਪੜ੍ਹੋ।



Digitized by Panjab Digital Library | www.panjabdigilib.org

ਇਹ ਗਲਤੀ ਵੀ ਸਾਨੂੰ ਮਾਰ ਰਹੀ ਹੈ, ਇਸ ਦਾ ਭੈੜਾ ਅਸਰ ਹੁਣ ਸਮਝ ਆ ਰਿਹਾ ਹੈ ।

੩. ਤੀਜੀ ਗਲਤੀ ਮਾਸਟਰ ਜੀ ਪਾਸੋਂ ਇਹ ਹੋਈ ਹੈ ਕਿ ਮਾਸਟਰ ਜੀ ਆਪਣੇ ਸਾਥੀਆਂ, ਜਿਨ੍ਹਾਂ ਤੇ ਪੂਰਾ ਵਿਸ਼ਵਾਸ ਕਰਦੇ ਰਹੇ, ਨੂੰ ਚੰਗ੍ਹੀ ਤਰ੍ਹਾਂ ਪਛਾਣ ਨਹੀਂ ਸਕੇ । ਸਾਰੇ ਮਾਸਟਰ ਜੀ ਦੇ ਸਾਥੀ ਜਿਨ੍ਹਾਂ ਨੇ ਪੰਥ ਦੀ ਗੁਡੀ ਉਚੇ ਆਕਾਸ਼ ਵਿਚ ਚੜ੍ਹਾਈ ਸੀ, ਮਾਇਆ ਦੀ ਛਣਕਾਰ ਤੇ ਕੁਰਸੀਆਂ ਦੇ ਲਾਲਚ ਕਰਕੇ ਇਕ ਇਕ ਕਰਕੇ ਸਾਰਿਆਂ ਨੇ ਹੀ ਉਸੇ ਗੁਡੀ ਦੀ ਡੋਰ ਆਪਣੇ ਹਥੀਂ ਕਟ ਕੇ ਮਾਸਟਰ ਜੀ ਪਾਸੋਂ ਚਲੇ ਜਾਂਦੇ ਰਹੇ । ਜਿਵੇਂ ਮਹਾਰਾਜਾ ਰਣਜੀਤ ਸਿੰਘ ਵਿਚ ਵੀ ਇਹੋ ਹੀ ਕਮਜ਼ੋਰੀ ਸੀ, ਜੋ ਬੰਦਿਆਂ ਨੂੰ ਨਹੀਂ ਸੀ ਪਛਾਣ ਸਕਿਆ । ਜਿਨ੍ਹਾਂ ਧਿਆਨ ਸਿੰਘ ਆਦਿ ਡੋਗਰਿਆਂ ਤੇ ਉਹ ਡੁਲ੍ਹਿਆ ਪਿਆ ਸੀ । ਮਹਾਰਾਜਾ ਸਾਹਿਬ ਦੇ ਅਖੀਆਂ ਮੀਟਣ ਤੋਂ ਬਾਦ ਉਨ੍ਹਾਂ ਕੀ ਕਰਤੂਤ ਕੀਤੀ । ਸਾਰਾ ਰਾਜ ਭਾਗ ਖਾਨਾਜੰਗੀ ਕਰਾ ਕੇ ਨਸ਼ਟ ਕਰ ਦਿਤਾ । ਅਜਿਹੇ ਆਦਮੀ ਅੰਦਰੋ ਹੋਰ ਤੇ ਬਾਹਰੋਂ ਹੋਰ ਹੁੰਦੇ ਹਨ ।

**"ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ"** (੪੨੫)
**"ਲੋਭੀ ਕਾ ਵਿਸਾਹੁ ਨ ਕੀਚੈ ਜੇ ਕਾ ਪਾਰ ਵਸਾਇ"**
**"ਨਾਨਕ ਕਚੜਿਆਂ ਸਿਉ ਤੋੜਿ ਢੂੰਡਿ ਸਜਨ ਸੰਤ ਪਕਿਆ"** (੧੧੦੨)

ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਵਲ ਮਾਸਟਰ ਜੀ ਨੇ ਧਿਆਨ ਹੀ ਨਹੀਂ ਦਿਤਾ ।

੪. ਚੌਥੀ ਬੜੀ ਭਾਰੀ ਗਲਤੀ ਇਹ ਸੀ ਕਿ ਚੋਣਾਂ ਦਾ ਪਾਰਲੀਮੈਂਟਰੀ ਤਰੀਕਾ ਗੁਰਦੁਆਰਿਆਂ ਵਿਚ ਆਣ ਵਾੜਿਆ । ਜਿਹੜਾ ਕਿ ਸਿੱਖ ਧਰਮ ਅਤੇ ਪੰਥ ਲਈ ਬੜਾ ਖਤਰਨਾਕ ਤੇ ਮਾਰੂ ਸਾਬਤ ਹੋ ਰਿਹਾ ਹੈ । ਸਾਡੇ ਪੁਰਾਤਨ ਗੁਰ-ਇਤਿਹਾਸ ਤੋਂ ਲੈ ਕੇ ਸਿੱਖ ਇਤਿਹਾਸ ਵਿਚ ਕਿਤੇ ਵੀ ਅਜਿਹਾ ਅਨਮਤੀ ਤਰੀਕਾ ਨਹੀਂ ਮਿਲਦਾ । ਅਗੇ ਜਿਤਨੇ ਸਾਡੇ ਲੀਡਰ ਚੁਣੇ ਜਾਂਦੇ ਰਹੇ, ਉਹ ਗਿਣਤੀ-ਮਿਣਤੀ (Quantity) ਦੇ ਆਧਾਰ ਤੇ ਨਹੀਂ, ਗੁਣਾਂ (Quality) ਦੇ ਆਧਾਰ ਤੇ ਚੁਣੇ ਜਾਂਦੇ ਰਹੇ । ਹੁਣ ਇਸ ਸਿਸਟਮ ਨੂੰ ਹਟਾਣਾ ਬਹੁਤ ਔਖਾ ਹੈ । ਹਥਾਂ ਦੀਆਂ



Digitized by Panjab Digital Library | www.panjabdigilib.org

ਵੱਦਾਂ ਨਾਲ ਖੋਲ੍ਹਣੀਆਂ ਪੈ ਰਹੀਆਂ ਹਨ।

੫. ਪੰਜਵੀਂ ਭੁਲ ਇਹ ਸੀ ਕਿ ਸਾਡੇ ਲੀਡਰਾਂ ਨੇ ਸੰਗਤਾਂ ਨੂੰ ਇਹ ਵਿਚਾਰ ਦਿਤਾ ਕਿ ਰਾਜ ਪ੍ਰਾਪਤ ਪਹਿਲਾਂ ਕਰੋ ਤਾਂ ਧਰਮ ਚਲੇਗਾ। **"ਰਾਜ ਬਿਨਾਂ ਨਹਿ ਧਰਮ ਚਲੈ ਹੈ"** ਮਾਸਟਰ ਜੀ ਇਹ ਤੁਕ ਆਮ ਤੌਰ ਤੇ ਬੋਲਿਆ ਕਰਦੇ ਸਨ। ਪਰ ਇਸ ਦੇ ਅੰਤ੍ਰੀਵ ਭਾਵ ਨੂੰ ਸਮਝਣ ਦੀ ਕਿਸੇ ਕੋਸ਼ਿਸ਼ ਨਹੀਂ ਕੀਤੀ। ਇਹ ਤੁਕ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਨਾ ਹੀ ਦਸਮ ਗ੍ਰੰਥ ਵਿਚ ਜਾਂ ਭਾਈ ਨੰਦ ਲਾਲ ਜਾਂ ਭਾਈ ਗੁਰਦਾਸ ਜੀ ਦੀਆਂ ਪ੍ਰਮਾਣੀਕ ਬਾਣੀਆਂ ਵਿਚ ਹੀ ਕਿਤੇ ਹੈ। ਇਸ ਵਾਸਤੇ ਇਹ ਤੁਕ ਗੁਰਬਾਣੀ ਨਹੀਂ। ਇਹ ਤਾਂ ਕਿਸੇ ਇਤਿਹਾਸ ਲਿਖਣ ਵਾਲੇ ਨੇ ਕਿਸੇ ਯੋਗ ਥਾਂ ਕਿਸੇ ਵਿਚਾਰ ਨੂੰ ਪ੍ਰਗਟਾਉਣ ਲਈ ਕਿਤੇ ਫਿਟ ਕੀਤੀ ਹੈ। ਇਸ ਤੁਕ ਨੇ ਬੜਾ ਭੁਲੇਖਾ ਪਾਇਆ ਹੈ ਤੇ ਪੰਥ ਦੀ ਗਡੀ ਦਾ ਕਾਂਟਾ ਹੀ ਬਦਲ ਕੇ ਕਿਸੇ ਹੋਰ ਪਾਸੇ ਤੋਰ ਦਿਤੀ ਹੈ। ਇਸ ਤੁਕ ਦਾ ਜੇ ਇਹ ਅਰਥ ਲਿਆ ਜਾਵੇ ਕਿ ਜੇ ਆਪਣਾ ਰਾਜ ਭਾਗ ਹੋਵੇ ਤਾਂ ਧਰਮ ਸੁਖੈਣਾ ਚਲੇਗਾ, ਕੋਈ ਰੁਕਾਵਟ ਜਾਂ ਪ੍ਰੇਸ਼ਾਨੀ ਉਸ ਅਗੇ ਨਹੀਂ ਆਏਗੀ। ਪਰ ਇਸ ਦਾ ਮੋਟਾ ਅਰਥ ਇਹ ਹੀ ਲਿਆ ਜਾ ਰਿਹਾ ਹੈ, ਰਾਜ ਲਏ ਬਿਨਾਂ ਧਰਮ ਚਲ ਹੀ ਨਹੀਂ ਸਕਦਾ ਇਸ ਵਸਾਤੇ ਧਰਮ ਨੂੰ ਇਕ ਪਾਸੇ ਬਿਠਾ ਕੇ ਸਾਰੇ ਦੇ ਸਾਰੇ ਰਾਜ ਸਤਾ ਨੂੰ ਹਥਿਆਣ ਲਈ ਸਰਪਟ ਦੌੜੇ ਜਾ ਰਹੇ ਹਨ, ਧਰਮ ਦੀ ਗਲ ਹੀ ਕੋਈ ਨਹੀਂ ਕਰਦਾ।

ਪਰ ਜੇ ਕੋਈ ਥੋੜ੍ਹਾ ਬਹੁਤ ਕਥਾ ਕੀਰਤਨ ਧਰਮ ਦੀ ਗਲ ਕਰਦਾ ਹੈ, ਲਾਲਸਾ ਰਾਜ ਦੀ ਉਨ੍ਹਾਂ ਵਿਚ ਵੀ ਪ੍ਰਬਲ ਹੈ। ਵੇਲਾ ਆਣ ਤੇ ਉਹ ਆਪਣੀ ਰਾਏ ਸਮਤੀ ਵੀ ਉਨ੍ਹਾਂ ਰਾਜ ਪਿਛੇ ਦੌੜਨ ਵਾਲੇ ਰਾਜਨੀਤਕਾਂ ਨਾਲ ਹੀ ਮਿਲਾਂਦੇ ਹਨ। ਰਾਜ ਤੋਂ ਬਿਨਾਂ ਧਰਮ ਨਾ ਚਲਣ ਦੀ ਵਿਚਾਰਧਾਰਾ ਦੀ ਪੁਸ਼ਟੀ ਸਾਡੇ ਸਾਰੇ ਪੁਰਾਤਨ ਇਤਿਹਾਸ ਵਿਚ ਕਿਤੇ ਵੀ ਨਹੀਂ ਹੁੰਦੀ, ਸਾਡਾ ਧਰਮ ਐਸਾ ਹੈ ਜੋ ਹਮੇਸ਼ਾ ਹੀ ਰਾਜ ਤੋਂ ਬਿਨਾਂ ਹੀ ਚਲਦਾ ਰਿਹਾ ਹੈ। ਧਰਮ ਨੂੰ ਚਲਿਆਂ ਹੁਣ ਤਕ ੫੧੩ ਸਾਲ ਹੋਏ ਹਨ ਤੇ ਜੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਹੀ ਖਾਲਸਾ ਰਾਜ ਮਿਥ ਲਿਆ ਜਾਵੇ ਤਾਂ ਉਹ ਕੇਵਲ ੪੦ ਸਾਲ ਹੀ ਸੀ। ਬਾਕੀ ੪੭੩ ਸਾਲ ਤਾਂ ਖਾਲਸਾ ਧਰਮ ਬਿਨਾਂ ਕਿਸੇ ਰਾਜ ਦੇ ਹੀ ਚਲਦਾ ਰਿਹਾ। ਸਾਡੇ ਦਸਾਂ ਗੁਰੂ ਸਾਹਿਬਾਨ ਵਿਚੋਂ ਕੋਈ ਇਕ ਵੀ ਨਾ ਰਾਜੇ ਸਨ ਅਤੇ ਨਾ ਹੀ



Digitized by Panjab Digital Library | www.panjabdigilib.org

ਰਾਜਿਆਂ ਦੇ ਪੁਤਰ ਅਤੇ ਨਾ ਹੀ ਉਨ੍ਹਾਂ ਸੰਸਾਰੀ ਰਾਜ ਸਤਾ ਨੂੰ ਹਥਿਆਣ ਬਾਰੇ ਕਦੀ ਸੋਚਿਆ ਹੀ ਸੀ। ਉਹ ਤਾਂ :

**"ਇਹ ਭੂਪਤ ਸਭੁ ਦਿਵਸ ਚਾਰ ਕੇ ਝੂਠੇ ਕਰਤ ਦਿਵਾਜਾ"**
**"ਇਹ ਭੂਪਤ ਰਾਣੇ ਰੰਕ ਦਿਨ ਚਾਰ ਸੁਹਾਵਣਾ"**
**"ਰਾਜ ਮਿਲਕ ਸਿਕਦਾਰੀਆਂ ਅਗਨੀ ਮਹਿ ਜਾਲ"**

(ਬਿਲਾਵਲ ਮਹਲਾ ੫)

**"ਰਾਜ ਮਾਲ ਰੂਪ ਜਾਤ ਜੋਬਨ ਪੰਜੇ ਠਗ"**

ਇਸ ਤਰ੍ਹਾਂ ਕਹਿੰਦੇ ਸਨ। ਪਰ ਜੇ ਰਾਜ ਲੈਣਾ ਚਾਹੁੰਦੇ ਤਾਂ ਵੀ ਉਨ੍ਹਾਂ ਵਾਸਤੇ ਮੁਸ਼ਕਲ ਨਹੀਂ ਸੀ। ਉਨ੍ਹਾਂ ਬੈਠਿਆਂ-ਬੈਠਿਆਂ ਕੇਵਲ ਨਜ਼ਰ ਨੂੰ ਇਧਰੋਂ ਉਧਰ ਕਰਨ ਨਾਲ ਹੀ ਸਭ ਰਾਜੇ ਉਡ-ਪੁਡ ਜਾ ਸਕਦੇ ਸਨ, **"ਨਦਰ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇੰਦਾ"** (ਵਾਰ ਆਸਾ) ਪਰ ਉਨ੍ਹਾਂ ਦਾ ਇਹ ਪ੍ਰੋਗਰਾਮ ਹੀ ਨਹੀਂ ਸੀ। ਉਹ ਦੁਨਿਆਵੇ ਰਾਜ ਲੈਣ ਵਾਸਤੇ ਨਹੀਂ ਸੀ ਆਏ। ਹਾਂ ਰਾਜਾਂ ਦਾ ਸੁਧਾਰ ਕਰਨ ਦਾ ਉਨ੍ਹਾਂ ਦਾ ਪ੍ਰੋਗਰਾਮ ਜ਼ਰੂਰ ਸੀ, ਜਿਸ ਲਈ ਉਨ੍ਹਾਂ ਭਾਰੀ ਅੰਦੋਲਨ ਕੀਤੇ। ਇਹ ਤਾਂ ਸਾਡੀ ਆਪਣੀ ਕੋਤਾਹ-ਨਜ਼ਰੀ ਹੈ ਕਿ ਅਸੀਂ ਅਨਮਤੀਆਂ ਦੇ ਟੇਟੇ ਚੜ੍ਹ ਕੇ ਉਨ੍ਹਾਂ ਦੇ ਮਾਰਗ ਤੇ ਚਲਕੇ ਰਾਜ ਸਤਾ ਪਿਛੇ ਮਾਰੇ-ਮਾਰੇ ਫਿਰਦੇ ਹਾਂ। ਪੰਜਾਬੀ ਸੂਬਾ ਸਾਡਾ ਇਸੇ ਹੀ ਵਿਚਾਰਧਾਰਾ ਦੀ ਉਪਜ ਸੀ। ਅਸਾਂ ਸੋਚਿਆ ਕਿ ਸਾਰੇ ਦੇਸ਼ ਵਿਚ ਇਕ ਸੂਬਾ ਤਾਂ ਸਾਡੀ ਸਿੱਖ ਬਹੁ-ਸਮਤੀ ਦਾ ਹੋਵੇ, ਜਿਸ ਵਿਚ ਅਸੀਂ ਰਾਜ ਭਾਗ ਮਾਣ ਸਕੀਏ। ਪੰਜਾਬੀ ਸੂਬਾ ਬੜੀ ਭਾਰੀ ਜਦੋ-ਜਹਿਦ ਬਾਦ ਬਣ ਤੇ ਗਿਆ, ਪਰ ਸਾਡੇ ਮੰਤਵ ਦੀ ਪੂਰਤੀ ਨਹੀਂ ਕਰ ਸਕਿਆ। ਸ: ਪ੍ਰਕਾਸ਼ ਸਿੰਘ 'ਬਾਦਲ' ਪਕਾ ਅਕਾਲੀ ਦੇ ਮੁਖ ਮੰਤ੍ਰੀ ਹੁੰਦਿਆਂ ਹੋਇਆਂ ਅਤੇ ਸਾਰੀ ਵਿਧਾਨ ਸਭਾ ਵਿਚ ਅਕਾਲੀਆਂ ਦੀ ਮੇਜਾਰਿਟੀ ਹੁੰਦਿਆਂ ਸੁੰਦਿਆਂ ਇਕ ਸਿਰ ਫਿਰਾ ਨਰਕਧਾਰੀ, ਗੁਰਮੁਖ ਕੀਰਤਨੀਏ, ਸਚੀ ਤੇ ਸੁਚੀ ਜ਼ਿੰਦਗੀ ਵਾਲੇ ੧੩ ਸਿੰਘਾਂ ਨੂੰ ਸ੍ਰੀ ਅੰਮ੍ਰਿਤਸਰ ਸਿੱਖਾਂ ਦੇ ਗੜ੍ਹ ਵਿਚ ਸ਼ਹੀਦ ਕਰਕੇ ਸੁਕਾ ਨਿਕਲ ਗਿਆ ਤੇ ਰਾਜ ਸਾਡਾ ਤਕਦਾ ਰਹਿ ਗਿਆ। ਅਜਿਹੇ ਰਾਜ ਨੂੰ ਕੀ ਕਰਨਾ ਜੋ ਆਪਣਿਆਂ ਦੀ ਸੁਰਖਿਆ ਨਹੀਂ ਕਰ ਸਕਦਾ। **"ਐਸੋ ਰਾਜ ਨ ਕਿਤੈ ਕਾਜ ਜਿਤ ਨਹਿ ਤ੍ਰਿਪਤਾਏ"** (ਸੂਹੀ ਮਹਲਾ ੫) ਫਿਰ ਕਖੋਂ ਹੋਲਾ, ਨਾ-ਪਾਏਦਾਰ ਰਾਜ ਕਿ ਇਕ ਚੁਟਕੀ ਨਾਲ ਸੰਟਰ ਨੇ ਬਾਦਲ ਸਰਕਾਰ ਨੂੰ ਉਡਾ ਕੇ ਰਖ ਦਿਤਾ। ਅਜਿਹੇ ਰਾਜ ਤੇ



Digitized by Panjab Digital Library | www.panjabdigilib.org

ਕੀ ਮਾਣ ਕਰਨਾ ਹੋਇਆ। ਇਸ ਵਾਸਤੇ ਇਹ ਤੁਕ ਗੁਣਕਾਰੀ ਨਹੀਂ। ਹੁਣ ਦੇਖੀਏ ਹੁਣ ਦੇਸ਼ ਦਾ ਰਾਸ਼ਟਰਪਤੀ ਸਿੱਖ ਸ੍ਰੂਪ ਵਾਲਾ ਬਣ ਗਿਆ ਹੈ। _ਣ ਖਾਲਸਾ ਪੰਥ ਕਿਵੇਂ ਤਰਕੀ ਕਰਦਾ ਹੈ। ਅਜਿਹੀਆਂ ਉਪਰ ਲਿਖੀਆਂ ਗ਼ਲਤੀਆਂ (Blunders) ਭਾਵੇਂ ਉਸ ਵੇਲੇ ਸਮਝੀਆਂ ਨਹੀਂ ਜਾ ਸਕੀਆਂ, ਨਾਲ ਪੰਥ ਨੂੰ ਤਬਾਹੀ ਦੇ ਰਸਤੇ ਤੇ ਪਾ ਦਿਤਾ ਗਿਆ ਹੈ।

## ਇਕ ਹੋਰ ਅਫਸੋਸਨਾਕ ਗਲ

ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਨੂੰ ਮੈਂ ਗੁਰੂ ਰਾਮ ਦਾਸ ਜੀ ਦੇ ਪ੍ਰਧਾਨ ਮੰਤ੍ਰੀ (Prime Minister) ਦੀ ਤੁਲਨਾ ਦੇਂਦਾ ਹਾਂ। ਇਹ ਦੁਨਿਆਵੀ ਰਾਜਾਂ ਦੇ ਪ੍ਰਧਾਨ ਮੰਤ੍ਰੀਆਂ ਨਾਲੋਂ ਕਿਤੇ ਬਹੁਤ ਮਹਾਨ ਉਚੀ ਪੋਜ਼ੀਸ਼ਨ ਹੈ। ਇਥੋਂ ਦਾ ਹੈਡ ਗ੍ਰੰਥੀ ਇਸ ਮਹਾਨ ਉਚੀ ਪੋਜ਼ੀਸ਼ਨ ਨੂੰ ਠੋਕਰ ਮਾਰ ਕੇ ਰਾਜ ਸਭਾ ਦੀ ਮੈਂਬਰੀ ਦਿਆਂ ਚਕਰਾਂ ਵਿਚ ਮਾਰਾ ਮਾਰਾ ਤਰਲੇ ਲੈਂਦਾ ਫਿਰੇ। ਕਿਤਨੀ ਅਫ-ਸੋਸਨਾਕ ਗਲ ਹੈ ਤੇ ਗੁਰੂ ਰਾਮਦਾਸ ਜੀ ਮਹਾਰਾਜ ਜੀ ਦੀ ਸ਼ਾਨ ਦੀ ਸਰਾਸਰ ਹੇਠੀ ਹੈ। ਪਹਿਲਾਂ ਅਕਾਲੀ ਦਲ ਦੀ ਟਿਕਟ ਤੇ ਕਾਮਯਾਬ ਹੋ ਕੇ ਰਾਜਿਆ ਸਭਾ ਦਾ ਮੈਂਬਰ ਬਣਿਆ ਤੇ ਫਿਰ ਅਜਿਹਾ ਸਵਾਦ ਪਿਆ ਕਿ ਦੂਜੀ ਵਾਰ ਉਸ ਕਾਂਗਰਸ ਦਾ ਟਿਕਟ ਲੈ ਕੇ ਮੈਂਬਰੀ ਪ੍ਰਾਪਤ ਕੀਤੀ, ਜਿਸ ਕਾਂਗਰਸ ਨੇ ਸਾਰੇ ਸਿੱਖ ਪੰਥ ਨੂੰ ਗੁੰਡਾ, ਬਦਮਾਸ਼, ਜ਼ਾਲਮ ਤੇ ਦੁਰਾਚਾਰੀ ਆਖਿਆ ਸੀ, ਪਤਾ ਨਹੀਂ ਅਜਿਹਾ ਕਰਨ ਲਈ ਉਸ ਗੁਰੂ ਦੇ ਧਿਕਾਰੇ ਹੋਏ ਨੂੰ ਕਿਤਨਿਆਂ ਐਰੇ ਗੈਰਿਆਂ ਦੇ ਤਲੂਏ ਚਟਣੇ ਪਏ ਹੋਣਗੇ। ਕਿਤਨਿਆਂ ਦੀਆਂ ਖੁਸ਼ਾਮਦਾਂ ਕੀਤੀਆਂ ਹੋਣਗੀਆਂ ਕਿਤਨੀ ਨੀਚਤਾ ਹੈ, ਆਖਿਰ ਉਹ ਸਭ ਕੁਝ ਕਰਕੇ ਹੁਣ ਰੀਟਾਇਰ ਹੋਏ ਘਰ ਬੈਠੇ ਹਨ ਤੇ ਹੁਣ ਪੈਸੇ ਕਮਾਣ ਲਈ ਗੁਰਦਵਾਰਿਆਂ ਵਿਚ ਲੈਕਚਰ ਦਾ ਸਮਾਂ ਪ੍ਰਾਪਤ ਕਰਨ ਵਾਸਤੇ ਗੁਰਦਵਾਰਾ ਕਮੇਟੀਆਂ ਦੇ ਪ੍ਰਧਾਨਾਂ ਦੀ ਖਸ਼ਾਖੋਰੀ ਕਰਦੇ ਫਿਰਦੇ ਹਨ। ਜਿਹੜੇ ਆਪਣੀਆਂ ਕਥਾਵਾਂ ਵਿਚ ਆਖਿਆ ਕਰਦੇ ਸਨ : "**ਬਾਬਾ ਮਾਇਆ ਸਾਥਿ ਨ ਹੋਇ।**

**ਇਨ ਮਾਇਆ ਜਗ ਮੋਹਿਆ ਵਿਰਲਾ ਬੂਝ ਕੋਇ।**" (ਸੋਰਠ ਮ: ੧)

"**ਮਾਇਆ ਦੇਖ ਨ ਭੁਲ ਤੂੰ ਮਨਮੁਖ ਮੂਰਖਾ।**"

ਅਜ ਆਪ ਹੀ ਮਾਇਆ ਨਾਲ ਠਗੇ ਗਏ। ਉਸ ਵੇਲੇ ਉਨਾ ਦੀ ਇਤਨੀ ਸ਼ਾਨ ਸੀ ਕਿ ਜਦੋਂ ਘਰੋਂ ਦਰਬਾਰ ਸਾਹਿਬ ਤਕ ਚਲ ਕੇ ਆਂਦੇ ਸਨ ਜਾਂ ਵਾਪਸ ਘਰ ਜਾਂਦੇ ਸਨ ਤਾਂ ਸੰਗਤਾਂ ਉਨ੍ਹਾਂ ਦਾ ਆਦਰ ਕਰਨ ਲਈ ਆਪੋ ਆਪਣੀਆਂ ਦੁਕਾਨਾਂ



Digitized by Panjab Digital Library | www.panjabdigilib.org

ਤੇ ਖਲੋ ਕੇ ਜਾਂ ਰਾਹ ਵਿਚ ਖਲੋ ਕੇ ਦੋਇ ਕਰ ਜੋੜ ਫਤਹਿ ਬੁਲਾਂਦੀਆਂ ਸਨ। ਪਰ ਹੁਣ ਉਹ ਕਦਰ ਨਹੀਂ ਰਹੀ। ਐਵੇਂ ਸਾਬਕਾ ਹੈਡ ਗੰਥੀ ਜਾਂ ਸਾਬਕਾ ਸਿੰਘ ਸਾਹਿਬ ਕਹੀ ਜਾਣਾ, ਐਵੇਂ ਚਾਪਲੂਸੀ ਤੋਂ ਵਧ ਕੁਝ ਨਹੀਂ। ਉਸ ਵੇਲੇ ਜੋ ਉਨ੍ਹਾਂ ਦੇ ਕਥਾ ਵਖਿਆਨਾਂ ਦਾ ਆਨੰਦ ਆਂਦਾ ਸੀ ਤੇ ਪ੍ਰਭਾਵ ਪੈਂਦਾ ਸੀ, ਹੁਣ ਉਹ ਗਲ ਨਹੀਂ।

## ਸੰਤ ਫਤਹ ਸਿੰਘ ਦਾ ਦੌਰ

ਸੰਤ ਫਤਹ ਸਿੰਘ ਨਾਲ ਦਾਸ ਦਾ ਉਸ ਵੇਲੇ ਸੰਪਰਕ ਹੋਇਆ ਜਦੋਂ ੧੯੫੫ ਦੇ ਪੰਜਾਬੀ ਸੂਬੇ ਦੇ ਨਾਅਰੇ ਦੇ ਮੋਰਚੇ ਵਿਚ ਦਾਸ ਲਿਖਾਰੀ ਅੰਮ੍ਰਿਤਸਰ ਜੇਲ੍ਹ ਵਿਚ ਸੀ ਤੇ ਸੰਤ ਫਤਹ ਸਿੰਘ ਜੀ ਗੰਗਾ ਨਗਰ ਬੁਢਾ ਥੇਹ ਤੋਂ ਜਥਾ ਲੈ ਕੇ ਉਸੇ ਜੇਲ੍ਹ ਵਿਚ ਆ ਗਏ। ਆਪ ਦਾ ਸੁਭਾਅ ਨਮ੍ਰ ਸੀ ਤੇ ਆਪ ਲੋਕਾਂ ਵਿਚ ਸੰਤ ਕਰਕੇ ਸਤਿਕਾਰੇ ਜਾਂਦੇ ਸਨ। ਆਪ ਮਾਸਟਰ ਤਾਰਾ ਸਿੰਘ ਜੀ ਦੀ ਲੀਡਰਸ਼ਿਪ ਤੇ ਪੂਰਨ ਵਿਸ਼ਵਾਸ ਰਖਦੇ ਸਨ। ਜਦੋਂ ਉਹ ਮੋਰਚਾ ਕਾਮਯਾਬ ਹੋਇਆ। ਸਿੰਘ ਰਿਹਾ ਹੋ ਕੇ ਆਪੋ ਆਪਣੇ ਟਿਕਾਣਿਆਂ ਤੇ ਚਲੇ ਗਏ, ਪਰ ਸੰਤ ਜੀ ਮਾਸਟਰ ਜੀ ਦੇ ਨਿਕਟ ਹੀ ਰਹੇ। ਮਾਸਟਰ ਜੀ ਵੀ ਸੰਤ ਫਤਹ ਸਿੰਘ ਜੀ ਦਾ ਬੜਾ ਆਦਰ ਤੇ ਸਤਿਕਾਰ ਕਰਦੇ ਸਨ ਅਤੇ ਆਪਣੇ ਨਾਲ ਸਹਿਯੋਗੀ ਦੇ ਤੌਰ ਤੇ ਰਖਦੇ ਸਨ। ਉਸ ਤੋਂ ਅਗੇ ਸਾਰੇ ਪੰਥਕ ਪ੍ਰੋਗਰਾਮਾਂ, ਕਾਨਫਰੰਸਾਂ, ਦੀਵਾਨਾਂ, ਇਲੈਕਸ਼ਨਾਂ ਵਿਚ ਸੰਤ ਜੀ ਪੂਰਾ ਪੂਰਾ ਸਾਥ ਦੇਂਦੇ ਰਹੇ। ਪੰਡਤ ਨਹਿਰੂ ਜੀ ਦੀ ਜ਼ਿਦ ਕਿ ਭਾਵੇਂ ਦੇਸ਼ ਵਿਚ ਬੋਲੀ ਦੇ ਆਧਾਰ ਤੇ ਹੋਰ ਸਾਰੇ ਸੂਬੇ ਬਣ ਜਾਣ, ਪਰ ਪੰਜਾਬੀ ਸੂਬਾ ਕਤਈ ਨਹੀਂ ਬਣੇਗਾ। ਇਸ ਧਕੇ ਵਿਰੁਧ ੧੯੬੦ ਵਿਚ ਮੁੜ ਪੰਜਾਬੀ ਸੂਬਾ ਅੰਦੋਲਨ ਭੜਕ ਉਠਿਆ ਅਤੇ ਮਾਸਟਰ ਤਾਰਾ ਸਿੰਘ ਨੂੰ ਸਰਕਾਰ ਨੇ ਗ੍ਰਿਫਤਾਰ ਕਰਕੇ ਬੰਦੀ ਖਾਨੇ ਪਾ ਦਿਤਾ। ਤਾਂ ਉਨ੍ਹਾਂ ਪਿਛੋਂ ਸੰਤ ਫਤਹ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਚ ਬਹਿ ਕੇ ਮੋਰਚੇ ਨੂੰ ਡਟ ਕੇ ਚਲਾਇਆ। ਉਸ ਵੇਲੇ ਦਿਲੀ ਵਿਚ ਵੀ ਦੂਜੇ ਮੁਹਾਜ਼ ਤੇ ਵੀ ਜਥੇ ਗ੍ਰਿਫਤਾਰੀਆਂ ਦੇਂਦੇ ਰਹੇ। ਦਿਲੀ ਵਿਚ ਜਥੇਦਾਰ ਰਛਪਾਲ ਸਿੰਘ ਦੇ ਕੰਟਰੋਲ ਵਿਚ ਮੋਰਚਾ ਚਲਦਾ ਰਿਹਾ। ੧੨ ਜੂਨ ੧੯੬੦ ਨੂੰ ਸਰਕਾਰ ਨੇ ਦਿਲੀ ਵਿਖੇ ਸਿੰਘਾਂ ਸਤਿਆਗ੍ਰਹੀਆਂ ਤੇ ਭਾਰੀ ਸਖਤੀ ਕੀਤੀ ਜਿਸ ਦੇ ਫਲ ਸਰੂਪ ਕਈ ਸਿੰਘ ਸ਼ਹੀਦ ਹੋਏ ਕਈ ਪੁਲਸ ਦੀਆਂ ਡਾਂਗਾ ਨਾਲ ਫਟੜ ਹੋਏ। ਉਸ ਵੇਲੇ ਪੁਲਸ ਨੇ ਸਿੱਖ ਸ਼ਕਲ ਵਾਲਿਆਂ ਨੂੰ ਹੋਟਲਾਂ ਵਿਚ, ਰਾਹ ਆਂਦੇ ਜਾਂਦੇ, ਬਸਾਂ ਵਿਚ ਸਟੇਸ਼ਨਾਂ ਤੇ ਜਿਥੇ ਵੀ ਕੋਈ ਸਿੱਖ ਨਜ਼ਰ ਆਇਆ ਖੂਬ ਕੁਟਿਆ ਮਾਰਿਆ ਤੇ ਬੇਇਜ਼ਤ ਕੀਤਾ। ਇਸ ਨਾਲ ਮੋਰਚਾ ਹੋਰ ਵੀ ਭੜਕ ਉਠਿਆ।



Digitized by Panjab Digital Library | www.panjabdigilib.org

ਸੰਤ ਫਤਹ ਸਿੰਘ ਨੇ ਅੰਮ੍ਰਿਤਸਰ ਮਰਣ ਵਰਤ ਰਖ ਦਿਤਾ। ੨੦-੨੨ ਦਿਨ ਤਕ ਸੰਤ ਜੀ ਨੇ ਡਟ ਕੇ ਅੰਨ ਦਾ ਤਿਆਗ ਕੀਤਾ, ਕੇਵਲ ਲੂਣ ਵਾਲਾ ਪਾਣੀ ਹੀ ਪੀਂਦੇ ਰਹੇ। ਇਸ ਨਾਲ ਸੰਤ ਜੀ ਦੀ ਹਾਲਤ ਗੰਭੀਰ ਹੋ ਗਈ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਫਿਕਰ ਪੈ ਗਿਆ। ਉਧਰ ਸਰਕਾਰ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਰਿਹਾ ਕਰ ਦਿਤਾ ਅਤੇ ਗਲ ਬਾਤ ਚਲਣ ਲਗੀ। ਮਾਸਟਰ ਤਾਰਾ ਸਿੰਘ ਜੀ ਨੂੰ ਪੰਡਤ ਨਹਿਰੂ ਪਿਛੇ ਭਾਵਨਗਰ ਜਾਣਾ ਪਿਆ ਤੇ ਉਥੇ ਗਲ ਬਾਤ ਕੀਤੀ, ਪਰ ਮਾਸਟਰ ਜੀ ਸੰਤੁਸ਼ਟ ਨਾ ਹੋਏ, ਪਰ ਉਸ ਦੇ ਦੂਜੇ ਹੀ ਦਿਨ ਪੰਡਤ ਨਹਿਰੂ ਜੀ ਦਾ ਬਿਆਨ ਅੰਗਰੇਜ਼ੀ ਅਖਬਾਰਾਂ ਵਿਚ ਛਪ ਗਿਆ, ਜੋ ਮਾਸਟਰ ਜੀ ਨੇ ਪੜ੍ਹ ਕੇ ਤਸਲੀ ਕਰ ਲਈ ਤੇ ਆਕੇ ਦਿਲੀਓਂ ਟੈਲੀਫੋਨ ਕਰਕੇ ਸੰਤ ਜੀ ਦਾ ਵਰਤ ਖੋਲ੍ਹਾਇਆ। ਪੰਡਤ ਜੀ ਦਾ ਬਿਆਨ ਅਜਿਹਾ ਸੀ ਕਿ ਜਿਸ ਦੇ ਕਈ ਅਰਥ ਨਿਕਲਦੇ ਸਨ, ਪਰ ਮਾਸਟਰ ਜੀ ਨੇ ਤਸਲੀ ਕਰ ਲਈ। ਮੰਤਵ ਸੰਤ ਫਤਹ ਸਿੰਘ ਦਾ ਵਰਤ ਖੋਲ੍ਹਾਣਾ ਸੀ ਤੇ ਉਨ੍ਹਾਂ ਦੀ ਜਾਨ ਬਚਾਣੀ ਸੀ। ਵਰਤ ਖੁਲ੍ਹਣ ਤੋਂ ਬਾਦ ਰੌਲਾ ਪੈ ਗਿਆ, ਲੋਕੀ ਪੰਡਤ ਜੀ ਦੇ ਬਿਆਨ ਤੋਂ ਸੰਤੁਸ਼ਟ ਨਾ ਹੋਏ। ਫਿਰ ਮਾਸਟਰ ਜੀ ਨੇ ਸੰਗਤ ਵਿਚ ਐਲਾਨ ਕੀਤਾ ਕਿ ਜੇ ਪੰਜਾਬੀ ਸੂਬਾ ਹੁਣ ਨਾ ਬਣਿਆ ਤਾਂ ਮਾਸਟਰ ਜੀ ਆਪ ਮਰਣ ਵਰਤ ਰਖਣਗੇ। ਇਹੋ ਗਲ ਹੋਈ ਪੰਜਾਬੀ ਸੂਬਾ ਕਿਸ ਨੇ ਬਨਾਣਾ ਸੀ। ਮਾਸਟਰ ਜੀ ਦੂਜੇ ਸਾਲ ੧੫ ਅਗਸਤ ੧੯੬੧ ਨੂੰ ਮਰਣ ਵਰਤ ਰਖ ਦਿਤਾ, ਜੋ ੪੮ ਦਿਨਾਂ ਬਾਦ ਜੂਸ ਪਿਲਾ ਕੇ ਵਰਤ ਖੁਲ੍ਹਵਾ ਦਿਤਾ ਗਿਆ। ਗਲ ਕੋਈ ਪੂਰੀ ਨਾ ਹੋਈ। ਮਾਸਟਰ ਜੀ ਦੇ ਨਾਕਾਮ ਮਰਣ ਵਰਤ ਤੋਂ ਬਾਦ ਉਨ੍ਹਾਂ ਦੀ ਇਜ਼ਤ ਨੂੰ ਬੜੀ ਢਾਹ ਲਗੀ। ਲੋਕੀ ਮੰਦਾ ਚੰਗਾ ਆਖਣ ਲਗੇ। ਮਾਸਟਰ ਜੀ ਦੇ ਵਰਤ ਤੇ ਵੀ ਸ਼ਕ ਕਰਨ ਲਗੇ ਕਿ ਮਾਸਟਰ ਜੀ ਬਵਾਸੀਰ ਦੇ ਮਾਰੇ ਹੋਏ ੪੮ ਦਿਨ ਕਿਵੇਂ ਕਢ ਗਏ, ਜਦ ਕਿ ਸੰਤ ਫਤਹ ਸਿੰਘ ੨੧ ਦਿਨ ਦੀ ਭੁਖ ਹੜ-ਤਾਲ ਨਾਲ ਜਾਨ ਲਬਾਂ ਤੇ ਆ ਗਈ ਸੀ।

ਪੰਥ ਵਿਚ ਬੇਦਿਲੀ ਆ ਗਈ ਤੇ ਫੁਟ ਪੈ ਗਈ। ਕੁਝ ਅਕਾਲੀ ਸੰਤ ਫਤਹ ਸਿੰਘ ਨੂੰ ਲੀਡਰ ਬਣਾ ਕੇ ਵਖਰੇ ਹੋ ਗਏ। ਸੰਤ ਜੀ ਅਜੇ ਤਕ ਤੇ ਸੰਤ ਹੀ ਸਨ, ਪਰ ਹੁਣ ਅਸੰਤਾਂ (ਸਿਆਸੀਆਂ) ਵਿਚ ਰਲ ਕੇ ਅਸੰਤ (ਸਿਆਸੀ) ਹੋਣ ਲਗੇ। ਮਾਸਟਰ ਤਾਰਾ ਸਿੰਘ ਦੀ ਥਾਂ ਲੀਡਰ ਬਣ ਜਾਣ ਦਾ ਚਾਅ ਚੜ੍ਹ ਗਿਆ। ਇਹ ਵਰਤ ਆਦਿ ਦੀ ਤਕਨੀਕ ਗੁਰਮਤਿ ਵਿਚ ਹੈ ਹੀ ਨਹੀਂ। ਇਹ ਤਾਂ ਮਹਾਤਮਾ ਗਾਂਧੀ ਦੀ ਤਕਨੀਕ ਹੈ। ਗੁਰਮਤਿ ਤੇ ਕਹਿੰਦੀ ਹੈ, "**ਛੋਡੇ ਅਨੁ ਕਰੇ ਪਾਖੰਡ ॥ ਨ ਸੁਹਾਗਣ ਨ ਓਹ ਰੰਡ ॥**" ਮਾਸਟਰ



Digitized by Panjab Digital Library | www.panjabdigilib.org

ਤਾਰਾ ਸਿੰਘ ਵੀ ਇਸ ਦੇ ਕਾਇਲ ਨਹੀਂ ਸਨ, ਪਰ ਬਚਨ ਕਰਕੇ ਫਸ ਗਏ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਲਿਖਤੀ ਅਰਦਾਸੇ ਦੀ ਪੂਰਤੀ ਨਾ ਕਰਨ ਕਰਕੇ ਦੋਹਾਂ ਲੀਡਰਾਂ (ਮਾ: ਤਾਰਾ ਸਿੰਘ ਤੇ ਸੰਤ ਫਤਹ ਸਿੰਘ) ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਜ ਪਿਆਰਿਆਂ ਵਲੋਂ ਤਨਖਾਹ ਲਗੀ ਤੇ ਸਜ਼ਾ ਹੋਈ ਜੋ ਉਨ੍ਹਾਂ ਭੁਗਤੀ।

ਮਾਸਟਰ ਜੀ ਦੇ ਮਰਣ ਵਰਤ ਦੇ ਦਿਨਾਂ ਵਿਚ ਸੰਤ ਫਤਹ ਸਿੰਘ ਹੀ ਡਿਕਟੇਤਰ ਸਨ ਤੇ ਅਗੋਂ ਵੀ ਓਹੋ ਲੀਡਰ ਬਣੇ ਰਹੇ। ਸੰਤ ਜੀ ਦਾ ਹੁਣ ਨਿਸ਼ਾਨਾ ਕੇਵਲ ਮਾਸਟਰ ਜੀ ਦੀ ਨਿਰੀ ਮੁਖਾਲਫਤ ਹੀ ਸੀ। ਪੰਜਾਬੀ ਸੂਬਾ ਬਣਾਨ ਦਾ ਅਸਲ ਸਿਆਸੀ ਮਕਸਦ ਤੇ ਇਹ ਸੀ ਕਿ ਉਸ ਸੂਬੇ ਵਿਚ ਸਿੱਖਾਂ ਦੀ ਵਸੋਂ ਕੁਝ ਉਪਰ ਉਠੇਗੀ ਤੇ ਸਿੱਖ ਵੀ ਰਾਜ ਦਾ ਆਨੰਦ ਲੈ ਸਕਣਗੇ। ਪਰ ਸੰਤ ਜੀ ਕਹਿੰਦੇ ਸਨ ਕਿ ਸਿੱਖ ਵਸੋਂ ਵਧ ਹੋਵੇ ਜਾਂ ਨਾ, ਹਿੰਦੂ ਬਹੁ ਗਿਣਤੀ ਪਈ ਹੋਵੇ, ਓਹੋ ਜਿਹਾ ਪੰਜਾਬੀ ਸੂਬਾ ਚਾਹੁੰਦੇ ਸਨ। ਮਾਸਟਰ ਜੀ ਨਾਲ ਮੁਖਾਲਫਤ ਦੇਖ ਕੇ ਆਮ ਸਰਕਾਰੀ ਲੋਕ ਵੀ ਸੰਤ ਜੀ ਦੀ ਪਿਠ ਤੇ ਹੋ ਗਏ ਸਨ ਅਤੇ ਸੰਤ ਜੀ ਨੂੰ ਮਾਸਟਰ ਜੀ ਵਿਰੁਧ ਅੰਗੇਖਤ ਦੇਂਦੇ ਸਨ।

ਅਗੋਂ ੧੯੬੫ ਵਿਚ ਪਾਕਿਸਤਾਨ ਦੇ ਪ੍ਰਧਾਨ ਜਨਰਲ ਅਯੂਬ ਖ਼ਾਨ ਨੇ ਭਾਰਤ ਤੇ ਉਤਲੇ ਪਾਸੋਂ ਅਚਾਨਕ ਹਮਲਾ ਕਰ ਦਿਤਾ, ਉਹ ਸਿਆਲਕੋਟ ਦੇ ਰਸਤੇ ਛੰਬ ਜੋੜੀਆਂ ਮਾਰ ਕੇ ਪਠਾਨਕੋਟ ਉਤੇ ਆ ਪੁਜਾ ਤੇ ਉਧਰੋਂ ਸਿਧਾ ਦਿਲੀ ਦੇ ਲਾਲ ਕਿਲੇ ਤੇ ਪਹੁੰਚਣ ਦਾ ਟੀਚਾ ਸੀ। ਉਸ ਵੇਲੇ ਸ: ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਪ੍ਰਧਾਨ ਮੰਤ੍ਰੀ ਸਨ। ਇਧਰੋਂ ਸਿੰਘ ਸੂਰਬੀਰ ਵੀ ਤਿਆਰ ਹੋ ਗਏ। Air Martial Arjan Singh, Gen. Harbax Singh, ਮੇਜਰ ਭੁਪਿੰਦਰ ਸਿੰਘ ਆਦਿ ਸਿੰਘਾਂ ਨੇ ਪ੍ਰਧਾਨ ਮੰਤ੍ਰੀ ਪਾਸੋਂ ਆਗਿਆ ਲੈ ਕੇ ਬਾਰਡਰ ਲੰਘ ਕੇ ਲਾਹੌਰ ਤੇ ਚਕਲਾਲੇ ਰਾਵਲਪਿੰਡੀ ਤਕ ਬੰਬਾਰੀ ਕਰ ਆਏ, ਉਧਰੋਂ ਸਿੰਘ ਫੌਜੀ ਕਸ਼ਮੀਰ ਦੇ ਰਸਤੇ ਹਾਜੀ ਪੀਰ ਤੇ ਕਾਰਗਲ ਦੀਆਂ ਚੋਟੀਆਂ ਤੇ ਜਾ ਪਹੁੰਚੇ ਤੇ ਝੰਡੇ ਗਡ ਦਿਤੇ। ਇਧਰ ਲਾਹੌਰ ਖਾਲੀ ਹੋ ਗਿਆ ਤੇ ਭਾਰਤ ਫੌਜੀ ਸਿੰਘਾਂ ਨੇ ਪਾਕਿਸਤਾਨ ਦੇ ਅਮਰੀਕੀ ਪੈਟਨ ਟੈਂਕ ਤੇ ਸੈਬਰ ਜੈਟ ਜੰਗੀ ਜਹਾਜ਼ ਸਭ ਤੋੜ ਫੋੜ ਕੇ ਰਖ ਦਿਤੇ। ਲਾਹੌਰ ਦੀ ਇਛੂਗਿਲ ਨਹਿਰ ਤੋਂ ਪਾਰ ਪਹੁੰਚ ਗਏ। ਅਠਾਰਾਂ ਦਿਨਾਂ ਦੀ ਲੜਾਈ ਵਿਚ ਸਿੰਘ ਫੌਜੀਆਂ ਨੇ ਕਮਾਲ ਹੀ ਕਰ ਦਿਤਾ। ਅਯੂਬ ਨੂੰ ਆਪਣੇ ਮੁਲਕ ਦਾ ਫਿਕਰ ਪੈ ਗਿਆ। ਉਸ ਦੇ ਮਨਸੂਬੇ ਮਿਟੀ ਵਿਚ ਮਿਲ ਗਏ ਤੇ ਉਹ ਪਿਛੇ ਨੂੰ ਭਜਾ। ਫਿਰ ਰੂਸ ਦੇ ਪ੍ਰਧਾਨ ਮੰਤ੍ਰੀ ਸ੍ਰ: ਸ੍ਰੀ ਕੋਸੀਗਿਨ ਨੇ ਵਿਚ ਪੈ ਕੇ ਤਾਸ਼ਕੰਦ ਵਿਚ ਦੋਹਾਂ ਨੂੰ ਬੁਲਾ



Digitized by Panjab Digital Library | www.panjabdigilib.org

ਕੇ ਸੁਲਾਹ ਕਰਾਈ। ਇਧਰੋਂ ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਪ੍ਰ: ਮੰਤ੍ਰੀ ਤੇ ਉਧਰੋਂ ਜਨਰਲ ਅਯੂਬਖਾਨ ਨੇ ਸਮਝੌਤਾ ਕੀਤਾ। ਸ਼ਾਸਤ੍ਰੀ ਜੀ ਉਸੇ ਰਾਤ ਦਿਲ ਫੇਲ੍ਹ ਹੋ ਜਾਣ ਕਰਕੇ ਤਾਸ਼ਕੰਦ ਹੀ ਚਲਾਣਾ ਕਰ ਗਏ। ਉਹ ਕੇਵਲ ੧੮ ਮਹੀਨੇ ਹੀ ਭਾਰਤ ਦੇ ਪ੍ਰਧਾਨ ਮੰਤ੍ਰੀ ਰਹੇ। ਇਹ ਗਲ ੧੧ ਜਨਵਰੀ ੧੯੬੬ ਦੀ ਹੈ।

ਸਿਘਾਂ ਦੀ ਇਸ ਜੰਗ ਵਿਚ ਅਦੁਤੀ ਬਹਾਦਰੀ ਦੀ ਧਾਂਕ ਸਭ ਪਾਸੇ ਪੈ ਗਈ। ਇਹ ਗਲ ਹੈਂਕੜ ਬਾਜ਼ ਕਾਂਗਰਸੀ ਹੁਕਮਰਾਨਾਂ ਨੂੰ ਸਮਝ ਆ ਗਈ ਕਿ ਜੇ ਵਿਚਕਾਰ ਸਿੰਘ ਨਾ ਹੁੰਦੇ ਤਾਂ ਪਾਕਿਸਤਾਨ ਸਾਰੇ ਭਾਰਤ ਤੇ ਛਾ ਜਾਂਦਾ, ਕੋਈ ਉਸ ਨੂੰ ਰੋਕ ਹੀ ਨਹੀਂ ਸਕਦਾ ਸੀ। ਇਸ ਤੋਂ ਪਹਿਲਾਂ ੧੯੬੨ ਵਿਚ ਪੂਰਬੀ ਮੁਹਾਜ਼ ਤੇ ਚੀਨੀਆਂ ਨਾਲ ਵੀ ਦੋ ਦੋ ਹਥ ਕਰਨ ਵਾਲੇ ਸਿੰਘ ਹੀ ਸਨ। ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਨੇ ਆਪ ਆ ਕੇ ਗੁ: ਸ੍ਰੀ ਬੰਗਲਾ ਸਾਹਿਬ ਵਿਖੇ ਸਿੰਘਾਂ ਦੀ ਸੂਰਬੀਰਤਾ ਦੀ ਦਾਦ ਦਿਤੀ ਸੀ।

ਸਿੰਘਾਂ ਦੀ ਇਸ ਮਹਾਨ ਕੁਰਬਾਨੀ ਤੋਂ ਪ੍ਰਭਾਵਤ ਹੋ ਕੇ ਕਠੋਰ ਤੋਂ ਕਠੋਰ ਮਨ ਵਾਲੇ ਕਾਂਗਰਸੀਆਂ ਦੇ ਦਿਲ ਵੀ ਪਿਘਲੇ ਅਤੇ ਸਿੰਘਾਂ ਦੀ ਪੰਜਾਬੀ ਸੂਬੇ ਦੀ ਹਕੀ ਮੰਗ ਬਾਰੇ ਕਾਂਗਰਸ ਵਰਕਿੰਗ ਕਮੇਟੀ ਨੇ ਮਤਾ ਪਾਸ ਕਰ ਦਿਤਾ। ਉਸ ਵੇਲੇ ਸੰਤ ਜੀ ਬੜੇ ਭਾਰੇ ਸਰੂਰ ਵਿਚ ਆਏ ਅਤੇ ਪ੍ਰਧਾਨ ਮੰਤ੍ਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਗ੍ਰਹਿ ਮੰਤ੍ਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ ਦਾ ਸ਼ੁਕਰੀਆ ਅਦਾ ਕਰਨ ਗਏ। ਕਾਂਗਰਸ ਪ੍ਰਧਾਨ ਉਸ ਵੇਲੇ ਸ੍ਰੀ ਕਾਮਰਾਜ ਜੀ ਸਨ, ਨਾਲ ਫੋਟੂ ਖਿਚਵਾਏ। ਜਿਥੇ ਕਿਤੇ ਆਪਣੀ ਵਡਿਆਈ ਕਰਨ ਤੇ ਆਖਣ ਇਹ ਪੰਜਾਬੀ ਸੂਬਾ ਮੈਂ (ਸੰਤ ਫਤਹ ਸਿੰਘ) ਬਣਾਇਆ ਹੈ। ਸਾਰਾ ਕ੍ਰੈਡਿਟ Credit ਆਪਣੇ ਸਿਰ ਲੈਂਦੇ ਫਿਰਦੇ। ਅਸਲ ਵਿਚ ਇਨ੍ਹਾਂ ਵਰਤਾਂ ਵੁਰਤਾਂ ਨਾਲ ਪੰਜਾਬੀ ਸੂਬਾ ਕਿਸੇ ਨਹੀਂ ਦਿਤਾ। ਪੰਜਾਬੀ ਸੂਬਾ ਤੇ ਕੇਵਲ ਪਾਕਿਸਤਾਨ ਨਾਲ ਜੰਗ ਵਿਚ ਸਿੰਘਾਂ ਦੀ ਅਦੁਤੀ ਬਹਾਦਰੀ ਤੇ ਕੁਰਬਾਨੀ ਦਾ ਸਦਕਾ ਮਿਲਿਆ ਸੀ—Credit ਸਾਰਾ ਸਿੱਖ ਫੌਜੀਆਂ ਨੂੰ ਹੀ ਜਾਂਦਾ ਹੈ। ਸੰਤ ਫਤਹ ਸਿੰਘ ਆਪਣੇ ਨਾਲ ਦੋ ਆਪਣੇ ਹਵਾਰੀ ਲੈ ਕੇ ਬਦੇਸ਼ਾਂ ਦੀ ਸੈਰ ਤੇ ਚਲੇ ਗਏ। ਉਧਰ ਵੀ ਸੰਤ ਆਪਣੀ ਸ਼ੋਭਾ ਤੇ ਵਡਿਆਈ ਪ੍ਰਚਾਰਦਾ ਰਿਹਾ ਅਤੇ ਮਾਸਟਰ ਜੀ ਦੀ ਵਿਰੋਧਤਾ ਕਰਦਾ ਰਿਹਾ। ਅਜੇ ਅਣ-ਜੰਮੇ ਪੰਜਾਬੀ ਸੂਬੇ ਨੂੰ ਆਪਣਾ ਬਚਾ ਕਹਿੰਦਾ ਰਿਹਾ। ਉਧਰ ਸ੍ਰੀ ਗੁਲਜ਼ਾਰੀ ਲਾਲ ਨੰਦਾ ਹੋਮ ਮਨਿਸਟਰ ਜੋ ਕਟੜ ਸਿੱਖਾਂ ਦਾ ਵਿਰੋਧੀ ਸੀ ਨੇ ਹਦਬੰਦੀ ਕਰਨ ਵੇਲੇ ਕੁਟਲ ਨੀਤੀ ਨਾਲ ਠੂੰਗੇ ਠਾਂਗੇ ਮਾਰ ਕੇ ਪੰਜਾਬੀ ਸੂਬੇ 'ਚੋਂ ਚੰਡੀਗੜ੍ਹ ਰਾਜਧਾਨੀ ਨੂੰ ਕਢ ਕੇ ਸੰਟਰ ਦੇ ਹਵਾਲੇ ਕਰ ਦਿਤਾ ਤੇ ਹੋਰ ਵੀ ਬਹੁਤ ਸਾਰੇ ਪੰਜਾਬੀ ਬੋਲਦੇ



Digitized by Panjab Digital Library | www.panjabdigilib.org

ਇਲਾਕੇ ਹਿਮਾਚਲ ਤੇ ਹਰਿਆਣੇ ਨਾਲ ਮਿਲਾ ਦਿਤੇ ਭਾਵ ਸਿਰ ਵੀ ਕਟ ਦਿਤਾ, ਪੈਰ ਤੇ ਬਾਹਵਾਂ ਵੀ ਵਢ ਦਿਤੀਆਂ ਤੇ ਬਾਕੀ ਪੰਜਾਬੀ ਸੂਬੇ ਦੀ ਅਪਾਹਜ ਲੋਥ ਅਗੇ ਆਣ ਧਰੀ। ਸੰਤ ਫਤਹ ਸਿੰਘ ਇਸ ਉਤੇ ਵੀ ਬਗਲਾਂ ਵਜਾਂਦਾ ਰਿਹਾ। ੧ ਨਵੰਬਰ ੧੯੬੬ ਨੂੰ ਇਹ ਟੁੰਡਾ ਮੁੰਡਾ ਪੰਜਾਬੀ ਸੂਬਾ ਹੋਂਦ ਵਿਚ ਆ ਗਿਆ ਤੇ ਇਸ ਦੇ ਨਾਲ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਆਪੇ ਹੀ ਬਣ ਗਏ।

ਖੁਸ਼ੀ ਵਿਚ ਹੰਕਾਰੇ ਹੋਏ ਸੰਤ ਮਹਾਰਾਜ ਜੀ ਨੂੰ ਜਦੋਂ ਸਮਝ ਆਈ ਤਾਂ ਕਹਿਣ ਲਗ ਪਿਆ ਕਿ ਇਹ ਕੀ ਹੋ ਗਿਆ। ਹੁਣ ਪੰਜਾਬੀ ਸੂਬੇ ਵਿਚੋਂ ਕਢੇ ਗਏ ਇਲਾਕਿਆਂ ਭਾਵ ਚੰਡੀਗੜ੍ਹ ਭਾਖੜਾ ਡੈਮ ਤੇ ਹੋਰ ਲਈ ਨਵਾਂ ਸੰਘਰਸ਼ ਸ਼ੁਰੂ ਕਰ ਦਿਤਾ ਅਤੇ ੧੭ ਦਸੰਬਰ ੧੯੬੬ ਨੂੰ ਅਰਦਾਸਾ ਸੋਧ ਕੇ ਭੁਖ ਹੜਤਾਲ ਸ਼ੁਰੂ ਕਰ ਦਿਤੀ ਅਤੇ ਐਲਾਨ ਕੀਤਾ ਕਿ ਜੇ ਸਰਕਾਰ ਨੇ ੧੦ ਦਿਨਾਂ ਤਕ ਮੰਗ ਨਾ ਮੰਨੀ ਤਾਂ ਸੜ ਮਰਣ ਦਾ ਪ੍ਰਣ ਕਰ ਦਿਤਾ। ਉਸ ਦੇ ਨਾਲ ਹੀ ਉਸ ਦੇ ੬ ਹੋਰ ਸਾਥੀਆਂ ਅਥਵਾ ਪਿਛਲਗਾਂ ਨੇ ਇਹ ਤੁਕ ਪੜ੍ਹ ਕੇ "**ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰ ਚਲੀਐ**" ਇਕ ਦਿਨ ਪਹਿਲਾਂ ੨੬ ਦਸੰਬਰ ਨੂੰ ਸੜ ਮਰਨ ਦਾ ਬਚਨ ਕਰ ਦਿਤਾ। ਸਰਕਾਰ ਨੇ ਕੋਈ ਪ੍ਰਵਾਹ ਨਾ ਕੀਤੀ ਤੇ ਉਧਰ ੨੬ ਦਸੰਬਰ ਸਾਰਿਆਂ ਦੇ ਸੜ ਮਰਨ ਦਾ ਸਮਾਂ ਸ਼ਾਮ ਦੇ ੪ ਵਜੇ ਨੇੜੇ ਆ ਗਿਆ। ਸੜਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪ੍ਰਲੀ ਛੱਤ ਉਤੇ ਹਵਨ ਕੁੰਡ ਬਣਾ ਧਰੇ ਸਨ ਤੇ ਤੇਲ (ਪਤਾ ਨਹੀਂ ਪਾਣੀ) ਦੇ ਪੀਪੇ ਭਰ ਕੇ ਕੋਲ ਰਖ ਦਿਤੇ ਗਏ।

ਪਾਖੰਡ ਪੂਰਾ ਕਰਨ ਵਾਸਤੇ ਤੇ ਜੰਤਾ ਨੂੰ ਬੁਧੂ ਬਣਾਨ ਵਾਸਤੇ ਲਾਸ਼ਾਂ ਚੁਕਣ ਵਾਲੇ ਫਟੇ ਵੀ ਆਣ ਕੋਲ ਰਖੇ ਸਨ। ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਹਮਣੇ ਸੰਗਤਾਂ ਭਾਰੀ ਗਿਣਤੀ ਵਿਚ ਪੁਜ ਰਹੀਆਂ ਸਨ। ਫੋਟੂਆਂ ਵਾਲੇ ਰੇਡੀਓ ਟੀ. ਵੀ. ਕੈਮਰਿਆਂ ਵਾਲੇ ਤਿਆਰ ਖੜੇ ਸਨ। (ਸੰਤ) ਫਤਹ ਸਿੰਘ ਨੇ ਪਹਿਲਾਂ ਹੀ ਆਪਣੇ ਬਾ-ਰਸੂਖ਼ ਠੇਕੇਦਾਰ ਮਿਤ੍ਰਾਂ ਰਾਹੀਂ ਸ: ਹੁਕਮ ਸਿੰਘ ਸਪੀਕਰ ਲੋਕ ਸਭਾ ਨਾਲ ਗੰਢ ਤੁਪ ਕਰ ਰਖੀ ਹੋਈ ਸੀ। ਸਾਰੇ ਦੇਸ਼ ਬਦੇਸ਼ ਦੇ ਲੋਕੀ ਘੜੀ ਦੀਆਂ ਸੂਈਆਂ ਤੇ ਨਜ਼ਰ ਟਿਕਾਈ ਰੇਡੀਓ ਜਾਂ ਟੀ. ਵੀ. ਮੂਹਰੇ ਬੈਠੇ ਇੰਤਜ਼ਾਰ ਵਿਚ ਸਨ। ਅਜੇ ੪ ਵਜਣ ਵਿਚ ੧੦-੧੫ ਮਿੰਟ ਬਾਕੀ ਸਨ ਕਿ ਸ: ਹੁਕਮ ਸਿੰਘ ਦਿਲੀਉਂ ਸਪੈਸ਼ਲ ਹਵਾਈ ਜਹਾਜ਼ ਰਾਹੀਂ ਸ੍ਰੀ ਅੰਮ੍ਰਿਤਸਰ ਪੁਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਸੰਤ ਕੋਲ ਜਾ ਪਹੁੰਚੇ। ਅੰਦਰ ਖਾਨੇ ਸ਼ਹਿਦ ਅਤੇ ਰਸ ਦੇ ਗਲਾਸ ਪਹਿਲਾਂ ਹੀ ਤਿਆਰ



Digitized by Panjab Digital Library | www.panjabdigilib.org

ਕਰ ਰਖੇ ਹੋਏ ਸਨ। ਸ: ਹੁਕਮ ਸਿੰਘ ਦੇ ਨਿੱਜੀ ਵਿਸ਼ਵਾਸ (I am Personally Satisfied) ਕਿ ਫੈਸਲਾ ਜ਼ਰੂਰ ਪੰਜਾਬ ਦੇ ਹੱਕ ਵਿਚ ਹੋਵੇਗਾ, ਚੰਡੀਗੜ੍ਹ ਪੰਜਾਬ ਨੂੰ ਹੀ ਮਿਲੇਗਾ। ਫਤਹ ਸਿੰਘ ਦਲ ਦੀ ਵਰਕਿੰਗ ਕਮੇਟੀ ਜੋ ਪਹਿਲਾਂ ਹੀ ਕੋਲ ਬੈਠੀ ਹੋਈ ਸੀ ਨੇ ਫਰੀਕ ਸਾਨੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਹੀ ਸਾਲਸ ਮੰਨ ਕੇ ਫੈਸਲਾ ਕਰ ਲਿਆ ਕਿ ਵਰਤ ਤੁਰੰਤ ਤੋੜਿਆ ਜਾਵੇ। ਇਹ ਤਜਵੀਜ਼ ਸੰਗਤ ਵਿਚ ਰਖੀ ਗਈ ਤਾਂ ਸੰਗਤਾਂ ਵਲੋਂ ਸਰਬ ਸਮਤੀ ਨਾਲ ਆਵਾਜ਼ ਆਈ ਕਿ "ਨਹੀਂ ਮੰਨਜ਼ੂਰ", "ਨਹੀਂ ਪ੍ਰਵਾਨ" ਝਟ ਪਟ ਸਿੱਖਾਂ ਦੇ ਪੋਪ ਪਾਖੰਡੀ ਸਾਧ ਨੇ ਫਤਵਾ ਦੇ ਦਿਤਾ ਕਿ "ਇਹ ਗੁਰੂ ਰੂਪ ਸਾਧ ਸੰਗਤ ਨਹੀਂ, ਮਾਸਟਰ ਤਾਰਾ ਸਿੰਘ ਦੇ ਬੰਦੇ ਹਨ", ਸਿੱਖੀ ਦੇ ਗੌਰਵ ਦੇ ਸ਼ਤਰੂ ਚੇਲੇ ਚਾਟੜਿਆਂ ਨੇ ਇਸ਼ਾਰਾ ਸਮਝ ਲਿਆ। ਉਸੇ ਵਕਤ ਸੰਗਤਾਂ ਉਤੇ ਡਾਂਗਾਂ ਤੇ ਸੋਟਿਆਂ ਦਾ ਮੀਂਹ ਵਸਣਾ ਸ਼ੁਰੂ ਹੋ ਗਿਆ। ਡਾਂਗਾਂ ਨਾਲ ਲੈਸ ਗੁੰਡੇ ਸੇਵਾਦਾਰਾਂ ਦੀ ਰਜਮੈਂਟ ਪਹਿਲਾਂ ਹੀ ਫਾਲਨ ਖੜੀ ਕੀਤੀ ਹੋਈ ਸੀ। ਹਰਿਮੰਦਰ ਸਾਹਿਬ ਦੇ ਦਰਸ਼ਨੀ ਦੁਆਰ ਵਿਚ ਇਉਂ ਹੋਇਆ। ਫਤਹ ਸਿੰਘ ਦੀ ਹਉਮੈ ਵਾਂਗ ਹੀ ਡਾਢਾ ਸੀ ਉਨ੍ਹਾਂ ਗੁੰਡਿਆਂ ਦਾ ਕਹਿਰ।

(ਸਾਚੀ ਸਾਖੀ—੧੯੮)

ਉਧਰ ਫਤਹ ਸਿੰਘ ਅਸੰਤ ਨੇ ਮਸ਼ਹੂਰ ਕਰ ਦਿਤਾ ਕਿ ਸ: ਹੁਕਮ ਸਿੰਘ ਪ੍ਰਧਾਨ ਮੰਤ੍ਰੀ ਵਲੋਂ ਆਏ ਹਨ ਤੇ ਇਕ ਚਿੱਠੀ ਵੀ ਪ੍ਰਧਾਨ ਮੰਤ੍ਰੀ ਦੀ ਉਸ ਕੋਲ ਆਈ ਹੈ। ਜਿਸ ਵੇਲੇ ਪਤ੍ਰਕਾਰਾਂ ਨੇ ਤੇ ਹੋਰ ਸਜਣਾਂ ਨੇ ਚਿੱਠੀ ਦਿਖਾਉਣ ਲਈ ਕਿਹਾ ਤਾਂ ਅਸੰਤ ਕਹਿਣ ਲਗੇ ਕਿ ਚਿੱਠੀ ਮੇਰੇ ਸਿਰਹਾਣੇ ਥਲੇ ਸੀ ਉਹ ਮੇਰਾ ਸਕਤ੍ਰ ਸ: ਅਰਜਨ ਸਿੰਘ ਬੁਧੀਰਾਜਾ ਕਢ ਕੇ ਲੈ ਗਿਆ ਹੈ, ਉਸ ਤੋਂ ਪੁਛਿਆ ਤਾਂ ਉਸ ਨਾਂਹ ਕਰ ਦਿਤੀ। ਓਧਰ ਸ: ਹੁਕਮ ਸਿੰਘ ਨੇ ਵੀ ਬਾਦ ਵਿਚ ਸਪਸ਼ਟ ਕਰ ਦਿਤਾ ਕਿ ਉਹ ਪ੍ਰਧਾਨ ਮੰਤ੍ਰੀ ਵਲੋਂ ਨਹੀਂ ਨਿੱਜੀ ਆਪਣੇ ਤੌਰ ਤੇ ਦਿਲੀਓਂ ਆਏ ਸਨ।

ਇਸ ਝੂਠ ਕਪਟ ਤੇ ਫਰਾਡ ਦੇ ਡਰਾਮੇ ਨਾਲ ਪੰਥ ਦੀ ਭਾਰੀ ਜ਼ਿਲ੍ਹਤ ਤੇ ਹੇਠੀ ਹੋਈ। ਲੀਡਰਾਂ ਤੋਂ ਵਿਸ਼ਵਾਸ ਉਠ ਗਿਆ ਅਤੇ ਸੰਗਤ ਬੇਦਿਲ ਹੋ ਗਈ। ਫਿਰ ਕਮਾਲ ਇਹ ਕਿ ਸੰਤ ਤੇ ਉਸ ਦੀ ਜੁੰਡਲੀ ਨੇ ਸ੍ਰੀ ਅਕਾਲ ਤਖ਼ਤ ਤੇ ਬਣਾਏ ਹੋਏ ਪਾਖੰਡ ਦੇ ਕੁੰਡਾਂ ਨੂੰ ਯਾਦਗਾਰੀ ਤੌਰ ਤੇ ਕਾਇਮ ਰਖਣ ਲਈ ਕਈ ਮਹੀਨਿਆਂ ਤਕ ਜ਼ਿਦ ਤੇ ਅੜੇ ਰਹੇ। ਉਨ੍ਹਾਂ ਵਿਚ ਸੜਿਆ ਮਰਿਆ ਵੀ ਕੋਈ ਨਾ ਤੇ ਫਿਰ ਯਾਦਗਾਰ ਕਿਸ ਗ਼ਲ ਦੀ। ਅਜਿਹੇ ਬੇਹੂਦਾ, ਝੂਠੇ ਤੇ ਨਾਲਾਇਕ ਅਤੇ ਆਪਣੇ ਹੰਕਾਰ ਤੇ ਸ਼ੋਹਰਤ ਦੇ ਭੁਖੇ ਲੀਡਰਾਂ ਨੇ ਗੁਰੂ



Digitized by Panjab Digital Library | www.panjabdigilib.org

ਮਹਾਰਾਜ ਦੇ ਸਚੇ ਅਤੇ ਸੁਚੇ ਗੁਰੂ ਪੰਥ ਨੂੰ ਬਰਬਾਦ ਤੇ ਜ਼ਲੀਲ ਕੀਤਾ ਹੈ। ਫਤਹ ਸਿੰਘ ਨੇ ਤਾਂ 'ਸੰਤ' ਸ਼ਬਦ ਦੀ ਭਾਰੀ ਨਿਰਾਦਰੀ ਕੀਤੀ ਹੈ। ਫਤਹ ਸਿੰਘ ਮਰ ਤੇ ਫਿਰ ਵੀ ਗਿਆ, ਪਰ ਜੇ ਉਸ ਵੇਲੇ ਆਪਣਾ ਬਚਨ ਪੂਰਾ ਕਰਦਾ ਤਾਂ ਹੋਰ ਹੀ ਸ਼ਾਨ ਹੁੰਦੀ।

ਹਰ ਕਿਸੇ 'ਸੰਤ' ਅਖਵਾਣ ਵਾਲੇ ਨੂੰ ਸੰਤ ਪਦ ਨੂੰ ਬਦਨਾਮ ਕਰਨ ਦੀ ਬਜਾਏ ਇਸ ਦੀ ਗੌਰਵਤਾ ਨੂੰ ਕਾਇਮ ਰਖਣਾ ਚਾਹੀਦਾ ਹੈ। ਜੇ ਕਦੀ ਅਸੰਤਾਂ (ਸਿਆਸੀ ਲੋਕਾਂ) ਦੇ ਝੁਰਮਟ ਵਿਚ ਆ ਹੀ ਜਾਣਾ ਪਵੇ ਤਾਂ ਵੀ ਆਪਣੀ ਸੰਤਤਾਈ ਦਾ ਖਿਆਲ ਰਖਣਾ ਤੇ ਪ੍ਰਪਕ ਰਹਿਣਾ ਚਾਹੀਦਾ ਹੈ। ਅਤੇ ਸਚਾਈ ਤੇ ਰਹਿ ਕੇ ਹੀ ਅਗਵਾਈ ਕਰਨੀ ਚਾਹੀਦੀ ਹੈ।

**"ਕਬੀਰ ਸੰਤ ਨ ਛਾਡੈ ਸੰਤਈ ਜੇ ਕੋਟਕੁ ਮਿਲੇ ਅਸੰਤੁ।**
**ਮਲਿਅਗਰੁ ਭੁਯੰਗਮਿ ਬੇੜਿਆ ਤਾਂ ਸੀਤਲਤਾ ਨ ਤਜੰਤੁ।"**

(ਸਲੋਕ ਕਬੀਰ ਜੀ)

ਸਭ ਤੋਂ ਮੁਢਲੀ ਗ਼ਲਤੀ ਜਾਂ ਗ਼ਦਾਰੀ ਸ: ਬਲਦੇਵ ਸਿੰਘ ਨੇ ਪੰਥ ਨਾਲ ਕੀਤੀ। ਜਦੋਂ ਅੰਗਰੇਜ਼ ਦੇਸ਼ ਦੀ ਵੰਡ ਵੇਲੇ ਹਿੰਦੂਆਂ ਮੁਸਲਮਾਨਾਂ ਦੇ ਨਾਲ ਨਾਲ ਸਿੱਖਾਂ ਨੂੰ ਵੀ ਰਾਵੀ ਤੋਂ ਜਮਨਾ ਤਕ ਦਾ ਇਲਾਕਾ ਦੇਣਾ ਚਾਹੁੰਦੇ ਸਨ। ਜੇ ਇਸ ਨਾਲ ੬ ਸਿੱਖ ਰਿਆਸਤਾਂ ਵੀ ਮਿਲਾ ਦਿਤੀਆਂ ਜਾਣ ਤਾਂ ਕੁਵੈਤ, ਲਿਬਨਾਨ, ਜਾਰਡਨ, ਬੈਂਕਾਕ, ਸਿੰਘਾਪੁਰ ਆਦਿ ਇਕ ਇਕ ਦੇਸ਼ ਤੋਂ ਵਡਾ ਖੇਤਰ ਬਣ ਜਾਂਦਾ ਹੈ। ਉਸ ਹਾਲਤ ਵਿਚ ਸਿੱਖ ਦੋਹਾਂ ਦੇਸ਼ਾਂ ਦੇ ਵਿਚਕਾਰ ਤ੍ਰਕੜੀ ਦੀ ਬੋਦੀ ਵਾਂਗ ਪਕੜ ਕੇ ਬਹਿ ਜਾਂਦੇ ਅਤੇ ਦੋਹਾਂ ਦੇਸ਼ਾਂ ਨੂੰ ਰਾਮ ਕਰ ਸਕਦੇ ਸਨ। ਪਰ ਸ: ਬਲਦੇਵ ਸਿੰਘ ਦੀ ਬੇਵਕੂਫੀ ਕਿ ਵਲੈਤ ਜਾ ਕੇ ਅੰਗਰੇਜ਼ਾਂ ਦੇ ਪੁਛਣ ਤੇ ਸਾਫ ਇਨਕਾਰ ਕਰ ਦਿਤਾ ਕਿ ਸਿਖ ਕੁਝ ਵੀ ਨਹੀਂ ਮੰਗਦੇ ਤੇ ਹਿੰਦੂ ਕਾਂਗਰਸੀਆਂ ਨਾਲ ਰਹਿਣਗੇ। ਇਸ ਘੋਰ ਗ਼ਲਤੀ ਨੂੰ ਸ: ਬਲਦੇਵ ਸਿੰਘ ਜੀ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਖੁਦ ਮੰਨੇ ਸਨ ਤੇ ਸਖਤ ਪਛਤਾਏ ਸਨ।

## ਰਾਜ ਕਰੇਗਾ ਖਾਲਸਾ

ਕਈ ਸਜਨ ਇਸ ਤਰ੍ਹਾਂ ਦਲੀਲ ਦੇਂਦੇ ਹਨ ਕਿ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰਾਜ ਕਰਨ ਵਾਸਤੇ ਹੀ ਬਣਾਇਆ ਹੈ ਅਤੇ **"ਰਾਜ ਕਰੇਗਾ ਖਾਲਸਾ"** ਦਾ ਨਾਅਰਾ ਉਚੀ ਆਵਾਜ਼ ਨਾਲ ਗਲੇ ਫਾੜ ਫਾੜ ਕੇ ਗਜਾਂਦੇ ਹਨ। ਮੈਂ ਵੀ ਸਮਝਦਾ ਹਾਂ ਕਿ ਗੁਰੂ ਮਹਾਰਾਜ ਨੇ ਆਪਣੇ ਪਿਆਰੇ ਸਿੰਘਾਂ ਨੂੰ ਅਧਿਆਤਮਕ ਹੋਣ ਦੇ ਨਾਲ ਨਾਲ ਮਾਰਸ਼ਲ ਵੀ ਬਣਾਇਆ ਹੈ ਅਤੇ



Digitized by Panjab Digital Library | www.panjabdigilib.org

ਮੈਂ ਇਹ ਵੀ ਸਮਝਦਾ ਹਾਂ ਕਿ ਚੱਜ ਦਾ ਰਾਜ ਸਿੱਖਾਂ ਤੋਂ ਬਿਨਾਂ ਹੋਰ ਕੋਈ ਕਰ ਹੀ ਨਹੀਂ ਸਕਦਾ। ਅਜ ਕਲ ਦੇ ਰਾਜ ਨੂੰ ਰਾਜ ਕਹਿੰਦੇ ਹੋ ? ਇਹ ਕੋਈ ਰਾਜ ਹੈ। ਗੁਰੂ ਮਹਾਰਾਜ ਜੀ ਤਾਂ ਅਸਲੀ ਰਾਜ ਦਾ ਇਸ਼ਾਰਾ ਬਾਣੀ ਦਵਾਰਾ ਇਉਂ ਕਹਿੰਦੇ ਹਨ :—

**"ਸਭੁ ਸੁਖਾਲੀ ਵਠੀਆ ਹੋਆ ਹਲੇਮੀ ਰਾਜ ਜੀਓ।"**

(ਸ੍ਰੀ ਰਾਗ ਮ: ੫, ੭੪)

ਅਜਿਹਾ ਰਾਜ ਕੇਵਲ ਸਿੱਖ ਹੀ ਕਰ ਸਕਦੇ ਹਨ, ਜਿਨ੍ਹਾਂ ਵਿਚ ਅਧਿਆਤਮਕ ਅਤੇ ਮਾਰਸ਼ਲ ਦੋਵੇਂ ਵਡ ਮੁਲੇ ਗੁਣ ਹਨ। ਪਰ "**ਰਾਜ ਕਰੇਗਾ ਖਾਲਸਾ**" ਦੇ ਨਾਅਰੇ ਤਾਂ ਅਸੀਂ ਰੋਜ਼ ਮਰੱਰਾ ਹਰ ਥਾਂ ਲਾਂਦੇ ਹਾਂ, ਪਰ ਕੀ ਅਜ ਤਕ ਇਸ ਦਾ ਅਰਥ ਵੀ ਕਿਸੇ ਵਿਚਾਰਿਆ ਹੈ, ਇਸ ਦਾ ਸਪਸ਼ਟ ਅਰਥ ਹੈ ਕਿ ਰਾਜ ਖਾਲਸਾ ਹੀ ਕਰੇਗਾ ਭਾਵ ਜੇ 'ਖਾਲਸਾ' ਹੋਇਆ ਤਾਂ ਉਹ ਹੀ ਰਾਜ ਕਰੇਗਾ। ਇਸ ਲਈ ਪਹਿਲਾਂ 'ਖਾਲਸਾ' ਬਣਨ ਦੀ ਲੋੜ ਹੈ। ਜੇ ਅਸੀਂ ਸਾਰੇ ਪਹਿਲਾਂ ਖਾਲਸਾ ਬਣ ਜਾਈਏ। ਉਹੋ ਜਿਹੇ ਖਾਲਸੇ ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ "**ਖਾਸ ਰੂਪ**" ਆਖਿਆ ਹੈ। ਭਾਵ ਅੰਦਰੋਂ ਬਾਹਰੋਂ ਗੁਰੂ ਮਹਾਰਾਜ ਜੀ ਦੇ ਦਸੇ ਹੋਏ ਸਿਧਾਂਤ ਤੇ ਪਰਪਕ ਭਾਈ ਮਨੀ ਸਿੰਘ ਵਰਗੇ, ਭਾਈ ਤਾਰੂ ਸਿੰਘ ਵਰਗੇ, ਬਾਬਾ ਦੀਪ ਸਿੰਘ ਵਰਗੇ। ਜਿਹੜੇ ਪੜ੍ਹਿਆ ਕਰਦੇ ਸਨ, "**ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ**" (ਦੇਵ ਗੰਧਾਰੀ ਮ: ੫) ਫਿਰ ਖਾਲਸੇ ਨੂੰ ਰਾਜ ਪਿਛੇ ਧਾਵਣ (Struggle) ਦੀ ਕੋਈ ਲੋੜ ਹੀ ਨਹੀਂ ਪਵੇਗੀ। ਰਾਜ ਆਪਣੇ ਆਪ ਖਾਲਸੇ ਮਗਰ ਆਏਗਾ। ਮਹਾਰਾਜ ਜੀ ਤਾਂ ਕਹਿੰਦੇ ਹਨ, "ਇਨ ਸਿਖਨ ਕਓ ਦਿਓਂ ਪਾਤਸ਼ਾਹੀ। ਯਾਦ ਰਖੇਂ ਹਮਰੀ ਗੁਰਿਆਈ।" ਇਥੇ ਸ਼ਬਦ "**ਦਿਉ**" ਹੈ "**ਲਿਉ**" ਨਹੀਂ। ਭਾਵ ਗੁਰੂ ਮਹਾਰਾਜ ਆਪੇ ਤੁਠ ਕੇ ਪਾਤਸ਼ਾਹੀ ਦੇਣਗੇ। ਇਸ ਪਿਛੇ ਭਜਣ ਦੌੜਨ ਦੀ ਤਾਂਘ ਕਰਨ ਦੀ ਲੋੜ ਨਹੀਂ, ਗੁਰੂ ਮਹਾਰਾਜ ਦਾ ਦਿਤਾ ਹੋਇਆ ਰਾਜ ਹੀ ਸਾਡੇ ਕੰਮ ਆਵੇਗਾ ਤੇ ਪਕਾ ਰਹੇਗਾ। ਅਸੀਂ ਹੁਣ ਆਪੋ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਸਹੀ "**ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਦੇਖ।**"

(ਸਲੋਕ ਬਾਬਾ ਫ਼ਰੀਦ ਜੀ)

ਕਿ ਅਸੀਂ ਓਹੋ ਜਿਹੇ ਸਿੱਖ ਹਾਂ ਤੇ ਇਸ ਕਾਬਲ ਹਾਂ ਜਿਨ੍ਹਾਂ ਨੂੰ ਗੁਰੂ ਆਪਣਾ ਰੂਪ ਆਖੇ। ਗਿਣਤੀ ਮਿਣਤੀ ਵਧਾਕੇ ਤੇ ਸ਼ੋਰ ਸ਼ਰਾਬਾ ਪਾ ਪਾ ਕੇ ਆਪਣੇ ਆਪ ਨੂੰ ਖਾਲਸਾ ਕਹੀ ਜਾਂਦੇ ਹਾਂ। ਖਾਲਸਾ ਦਰਅਸਲ ਉਹ ਹੋ ਸਕਦਾ ਹੈ, ਜਿਸ ਨੂੰ ਗੁਰੂ ਪ੍ਰਵਾਨ ਕਰ ਲਵੇ, ਜਿਸ ਨੂੰ ਪ੍ਰਵਾਨ ਹੀ ਨਾ ਕਰੇ ਉਹ ਖਾਲਸਾ ਕਿਵੇਂ ਹੋ ਗਿਆ। ਗਿਣਤੀ ਮਿਣਤੀ ਦੀ ਕੋਈ ਗਲ ਨਹੀਂ ਸਿੱਖੀ ਵਿਚ Quality ਦੀ ਗਲ ਹੈ। ਪਏ ਥੋੜੇ ਹੋਣ, ਪਰ ਹੋਵਨ ਸਤਿਗੁਰੂ



Digitized by Panjab Digital Library | www.panjabdigilib.org

ਨੂੰ ਪ੍ਰਵਾਨ। ਅਸੀਂ ਆਪਣੇ ਮੂੰਹੋਂ ਪਏ ਡੀਗਾਂ ਮਾਰੀਏ ਅਸੀਂ ਵਡੇ ਸਿੱਖ ਹਾਂ ਰਹਿਤ ਵੀ ਠੀਕ ਹੈ। ਬਾਣੀ ਵੀ ਪੜ੍ਹਦੇ ਹਾਂ, ਪਰ ਫਿਰ ਵੀ ਪ੍ਰਵਾਨ ਕਰਨਾ ਨਾ ਕਰਨਾ ਉਸ ਦੇ ਆਪਣੇ ਭਾਣੇ ਵਿਚ ਹੈ। ਇਹ ਉਸ ਦੀ ਮਰਜ਼ੀ ਹੈ ਕਿ ਟੈਸਟ ਕਰਕੇ ਦੇਖੇ ਜਾਂ ਕਿਵੇਂ ਨਦਰੀ ਨਦਰ ਨਿਹਾਲ ਕਰ ਦੇਵੇ ਇਹ ਉਸ ਦੇ ਆਪਣੇ ਵਸ ਹੈ। ਜੇ ਅਸੀਂ ਗੁਰਮਤਿ ਤੋਂ ਦੂਰ ਹਟ ਕੇ ਅਨਮਤ ਤੇ ਮਨਮਤ ਵੀ ਕਰੀ ਚਲੀਏ ਤੇ ਇਹ ਵੀ ਆਖੀ ਜਾਈਏ ਅਸੀਂ ਪਕੇ ਖਾਲਸੇ ਹਾਂ ਇਹ ਕਿਵੇਂ ਹੋਵੇ। ਉਹ ਤਾਂ ਵੰਗਾਰ ਕੇ ਕਹਿੰਦਾ ਹੈ ਕਿ

**"ਜੇ ਇਹ ਗਹਿ ਬਿਪ੍ਰਨ ਕੀ ਰੀਤ॥ ਮੈ ਨ ਕਰਉ ਇਨ ਕੀ ਪ੍ਰਤੀਤ।"**

ਇਹ ਜਿਹੜੀ ਸਿਆਸਤ ਅਸਾਂ ਗਲ ਪਾਈ ਹੋਈ ਹੈ। ਇਹ ਅਨਮਤੀ ਸਿਆਸਤ 'ਬਿਪ੍ਰਨ ਕੀ ਰੀਤ' ਹੀ ਤੇ ਹੈ। ਗੁਰੂ ਦੀ ਸਿਆਸਤ ਤੇ ਇਹ ਹੈ ਹੀ ਨਹੀਂ।

## ਮੇਰੀ ਬੇਨਤੀ

ਮੈਂ (ਦਾਸ ਲੇਖਕ) ਦਾ ਕੋਈ ਅਜਿਹਾ ਮੰਤਵ ਨਹੀਂ ਕਿ ਮੈਂ ਕਿਸੇ ਦੇ ਪਾਜ ਉਘੇੜਾਂ। ਇਹ ਹਕੀਕਤ ਬਿਆਨੀ ਕਰਨ ਦਾ ਮਤਲਬ ਮੇਰਾ ਕੇਵਲ ਇਹ ਹੀ ਹੈ ਕਿ ਸਾਡੇ ਆਗੂਆਂ ਪਾਸੋਂ ਜੋ ਜੋ ਗ਼ਲਤੀਆਂ, ਤਰੁਟੀਆਂ, ਖਾਮੀਆਂ, ਨਾ-ਸਮਝੀਆਂ ਜਾਂ ਗ਼ਦਾਰੀਆਂ ਹੁਣ ਤਕ ਹੁੰਦੀਆਂ ਚਲੀਆਂ ਆ ਰਹੀਆਂ ਹਨ, ਜਿਨ੍ਹਾਂ ਕਰਕੇ ਪੰਥ ਇਕ ਭਿਆਨਕ ਘੁਮਣ ਘੇਰੀ ਵਿਚ ਫਸਾ ਦਿਤਾ ਗਿਆ ਹੈ, ਉਨ੍ਹਾਂ ਤੋਂ ਸਿਖਿਆ ਲੈ ਕੇ ਆਪਣਾ ਰਸਤਾ ਸਿਧਾ ਕਰਕੇ ਚਲਣ ਦਾ ਯਤਨ ਕਰੀਏ।

**"ਫਰੀਦਾ ਜਿਨੀ ਕਮੀ ਨਾਹਿ ਗੁਣ ਤੇ ਕਮੜੇ ਵਿਸਾਰ।"**

ਮੇਰਾ ਭਰੋਸਾ ਤੇ ਪਕਾ ਨਿਸ਼ਚਾ ਹੈ ਕਿ ਪੰਥ ਨੂੰ ਕੋਈ ਦੁਨੀਆਂ ਦੀ ਤਾਕਤ ਮਾਰ ਨਹੀਂ ਸਕਦੀ, ਕਿਉਂਕਿ ਇਸ ਦਾ ਸਾਹਿਬ ਬੜਾ ਡਾਢਾ ਹੈ ਤੇ ਮਹਾਨ ਸ਼ਕਤੀ ਸ਼ਾਲੀ ਹੈ।

**"ਜਿਸੁ ਦਾ ਸਾਹਿਬੁ ਡਾਢਾ ਹੋਇ। ਤਿਸੁ ਨੋ ਮਾਰ ਨ ਸਾਕੈ ਕੋਇ।"**

ਪਰ ਜੇ ਅਸੀਂ ਆਪ ਹੀ ਆਪਣੀ ਬੇਵਕੂਫੀ ਤੇ ਨਾ-ਸਮਝੀ ਨਾਲ ਇਸ ਦੀਆ ਬੁਨੀਆਦਾਂ ਉਖੇੜਨੀਆਂ ਸ਼ੁਰੂ ਕਰ ਦਈਏ, **"ਆਪਣੇ ਹਥੀਂ ਆਪਣੀ ਜੜ੍ਹ ਆਪੇ ਪੁਟੇ"** (ਭਾ: ਗੁਰਦਾਸ ਜੀ) ਤੇ ਆਖੀ ਜਾਈਏ ਕਿ ਅਸੀਂ ਪੰਥ ਦੀ ਨਿਘਰ ਸੇਵਾ ਕਰ ਰਹੇ ਹਾਂ ਤਾਂ ਫਿਰ ਹੋਰ ਕਿਸੇ ਨੂੰ ਕੀ ਕਿਹਾ ਜਾ ਸਕਦਾ ਹੈ। ਹਕੂਮਤਾਂ ਕਰਨ ਵਾਲਿਆ ਤੇ ਮੇਰਾ ਕੋਈ ਦੋਸ਼ ਨਹੀਂ ਕਿਉਂਕਿ ਉਨ੍ਹਾਂ ਦੁਨਿਆਵੀ ਹਕੂਮਤ ਕਰਨੀ ਹੈ, ਇਸ ਵਾਸਤੇ ਉਹ ਹਰ ਹਰਬਾ ਵਰਤ ਕੇ ਸਾਡੇ ਵਿਚੋਂ ਕਾਲੀਆਂ ਭੇਡਾਂ ਨੂੰ ਫਿਸਲਾ ਕੇ ਇੰਤਸ਼ਾਰ ਪੈਦਾ ਕਰਨਗੇ। ਮੇਰਾ ਤੇ ਗਿਲਾ ਉਨ੍ਹਾਂ ਫਿਸਲਣ ਵਾਲਿਆਂ ਤੇ ਹੈ, ਜਿਨ੍ਹਾਂ ਤੇ ਪੰਥ ਨੇ ਵਿਸ਼ਵਾਸ ਕੀਤਾ ਸੀ ਤੇ ਉਹ ਆਪਣੀ ਖੁਦਗਰਜੀ, ਲਾਲਚ ਤੇ ਕੁਰਸੀ ਦੀ ਖਾਤਰ



Digitized by Panjab Digital Library | www.panjabdigilib.org

ਫਿਸਲਦੇ ਰਹੇ ਅਤੇ ਕੌਮ ਦਾ ਭੱਠਾ ਬਠਾਂਦੇ ਰਹੇ ਹਨ ਅਤੇ ਹੁਣ ਨਵੇਂ ਗ਼ਲਤ ਪੂਰਨੇ ਪਾ ਗਏ ਹਨ। ਮੈਂ ਅਗੇ ਵੀ ਆਪਣੇ ਟ੍ਰੈਕਟ ਨੰ: ੭ ਵਿਚ ਲਿਖਿਆ ਸੀ ਕਿ ਸਾਨੂੰ ਉਨ੍ਹਾਂ ਪੂਰਾਤਨ ਗੁਰਸਿਖਾਂ ਦੇ ਪਾਏ ਅਣਮੁਲੇ ਪੂਰਨਿਆਂ ਤੇ ਹੀ ਚਲਣ ਦਾ ਯਤਨ ਕਰਨਾ ਚਾਹੀਦਾ ਹੈ ਨਾ ਕਿ ਸਾਨੂੰ ਕੋਈ ਨਵੇਂ ਪੂਰਨੇ ਪਾਣੇ ਚਾਹੀਦੇ ਹਨ। ਮੈਂ ਇਨ੍ਹਾਂ ਪੈਂਤੀ ਸਾਲਾਂ ਦੇ ਇਤਿਹਾਸ ਨੂੰ ਸਿੱਖਾਂ ਲਈ **"ਕਾਲਾ ਇਤਿਹਾਸ"** ਦਾ ਨਾਂ ਦਿਤਾ ਹੈ।

ਮੈਂ ਇਕ ਵਾਰੀ ਫਿਰ ਆਪਣੀ ਵਿਦਵਾਨ ਸ਼੍ਰੇਣੀ ਨੂੰ ਵੰਗਾਰ ਪਾਂਦਾ ਹਾਂ ਕਿ ਉਹ ਜਿਹੜੇ ਗੁਰਮਤ ਦੀ ਪੂਰੀ ਜਾਣਕਾਰੀ ਤੇ ਸਮਝ ਰਖਦੇ ਹੋਣ, (ਨਿਰੇ ਲੈਕਚਰ, ਵਿਆਖਿਆਨ ਦੇ ਕੇ ਚਲਤੇ ਬਣਨ ਵਾਲੇ ਨਾ ਹੋਣ।) ਅਗੇ ਆਉਣ ਤੇ ਲੋਕਾਂ ਨੂੰ ਅਨਮਤੀਆਂ ਤੇ ਮਨਮਤੀਆਂ ਦੇ ਅੰਧੇਰੇ ਮਾਰਗ ਤੋਂ ਹਟਾ ਕੇ ਗੁਰਮਤਿ ਦੇ ਰੌਸ਼ਨ ਤੇ ਸਿਧੇ ਮਾਰਗ ਤੇ ਚਲਣ ਦੀ ਪ੍ਰੇਰਣਾ ਦੇਣ। ਜੋ ਕੁਝ ਹੋ ਗਿਆ ਸੋ ਹੋ ਗਿਆ ਅਗੋਂ ਦੇਖ ਕੇ ਚਲਣ ਦਾ ਹੀਲਾ ਕਰਨ।

**"ਅਗੇ ਸੋਚ ਚਲੋ ਨੰਦ ਲਾਲਾ ਜ ਬੀਤੀ ਸੋ ਬੀਤੀ।"**

ਮੈਂ ਉਨ੍ਹਾਂ ਪੰਥ ਦੇ ਹਿਤੈਸ਼ੀ ਗੁਰਮੁਖ ਪਿਆਰੇ ਸਜਣਾਂ ਨੂੰ ਵੀ ਵੰਗਾਰ ਪਾਂਦਾ ਹਾਂ, ਜੋ ਪੰਥ ਦੀ ਮੌਜੂਦਾ ਦੁਰਦਸ਼ਾ ਨੂੰ ਬੁਰੀ ਤਰ੍ਹਾਂ ਮਹਿਸੂਸ ਕਰਦੇ ਹਨ। ਜੋ Sincere ਸਿਦਕੀ ਤੇ ਭਰੋਸੇ ਵਾਲੇ ਹਨ ਤੇ ਕੁਝ ਕਰ ਗੁਜ਼ਰਨ ਲਈ ਤਿਆਰ ਹਨ। ਹੁਣ ਕਿਨਾਰੇ ਖਲੋ ਕੇ ਪੰਥ ਦੀ ਜ਼ਿਲ੍ਹਤ ਦਾ ਤਮਾਸ਼ਾ ਦੇਖਣ ਦਾ ਵੇਲਾ ਨਹੀਂ। ਅਜਿਹੇ ਪੰਥ-ਦਰਦੀਆਂ ਨੂੰ ਅਪੀਲ ਕਰਦਾ ਹਾਂ ਕਿ ਹੁਣ ਮੈਦਾਨ ਵਿਚ ਨਿਤਰਨ ਤੇ ਸੋਚ ਵਿਚਾਰ ਕੇ ਪੰਥ ਦੇ ਭਲੇ ਬਾਰੇ ਕੁਝ ਰਾਹ ਕਢਣ ਤੇ ਜੋ ਲੋਕ ਪੰਥ ਦੀ ਬਰਬਾਦੀ ਦੇ ਜਿਮੇਵਾਰ ਹਨ, ਉਨ੍ਹਾਂ ਨੂੰ ਅਗੋਂ ਹਟਾ ਕੇ ਉਨ੍ਹਾਂ ਨਾਲੋਂ ਸੰਪ੍ਰਕ ਤੋੜ ਕੇ ਨਿਰੋਲ ਗੁਰੂ ਆਸਰੇ ਗੁਰਮਤ ਮਾਰਗ ਤੇ ਚਲਣ ਦਾ ਯਤਨ ਕਰਨ। ਮੇਰਾ ਇਹ ਹਉਕਾ ਹੈ।

**"ਮਨਮੁਖਾਂ ਨਾਲੋਂ ਤੁਟੀ ਭਲੀ ਜਿਨਾਂ ਮਾਇਆ ਮੋਹ ਪਿਆਰ"**

ਮੁਕਦੀ ਗਲ ਇਹ ਕਿ ਜਦ ਤਕ ਸਿੱਖ ਕੌਮ ਵਿਚ ਇੰਤਸ਼ਾਰ ਹੈ ਤੇ ਕੌਮ unite ਨਹੀਂ ਹੋ ਜਾਂਦੀ ਸਿੱਖ ਕੌਮ ਦਾ ਕੁਝ ਵੀ ਨਹੀਂ ਬਣ ਸਕਦਾ, ਭਾਵੇਂ ਹਜ਼ਾਰ ਸਾਲ ਤਕ ਮੋਰਚੇ ਲਾਂਦੇ ਰਹੋ ਤੇ ਰੋਲਾ ਪਾਂਦੇ ਰਹੋ ਕੁਝ ਵੀ ਨਹੀਂ ਬਣੇਗਾ। ਇਹ ਹੀ ਗਲ ਸਭ ਤੋਂ ਪਹਿਲਾਂ ਸੋਚਣ ਦੀ ਲੋੜ ਹੈ। ਮੌਜੂਦਾ ਤਰੀਕੇ ਨਾਲ ਏਕਤਾ ਕਦੀ ਨਹੀਂ ਪੈਦਾ ਹੋ ਸਕਦੀ, ਇੰਤਸ਼ਾਰ ਵਧੇਗਾ।

**"ਪਹਿਲਾਂ ਵਸਤੁ ਸਿਞਾਣ ਕੇ ਤਾਂ ਕੀਜੈ ਵਾਪਾਰ।"** (੧੪੧੦)

ਵਾਲੀ ਗਲ ਤੇ ਆਣਾ ਹੀ ਪਵੇਗਾ।

ਪਾਠਕਾਂ ਨੂੰ ਬੇਨਤੀ ਹੈ ਕਿ ਪੜ੍ਹ ਕੇ ਆਪਣੇ Coments ਭੇਜੋ ਤੇ ਸੰਪਰਕ ਕਰੋ। ਕੇਵਲ ਗੁਰਮਤਿ ਨੂੰ ਸਮਝਣ ਵਾਲੇ ਸਜਣ ਹੀ ਸੰਪਰਕ ਕਰਨ।



Digitized by Panjab Digital Library | www.panjabdigilib.org

## ਇਸੇ ਕਲਮ ਤੋਂ

੧. ਹਮਾਰਾ ਪ੍ਰਿਯਾ ਭਾਰਤ ਦੇਸ਼ ਸਰਵਨਾਸ਼ ਕੀ ਓਰ (ਹਿੰਦੀ) 2-50
੨. ਭਾਰਤ ਦੇਸ਼ ਕਾ ਬੁਰਾ ਹਾਲ (ਉਰਦੂ) 1-50
੩. ਖਾਲਸਾ ਪੰਥ ਦੇ ਆਧੁਨਿਕ ਸਿਖ ਲੀਡਰ (ਪੰਜਾਬੀ) 0-60
(ਪੜ੍ਹੋ ਅਤੇ ਸੰਗਤਾਂ ਵਿਚ ਵੰਡੋ—50/- ਪ੍ਰਤਿ ਸੈਕੜਾਂ)

ਅਕਾਲ ਸੇਵਕ ਏਕਤਾ ਵਿਚ ਸ਼ਾਮਲ ਹੋਵੇ

**ਸਰਦੂਲ ਸਿੰਘ ਭਾਟੀਆ**

1273—ਤੀਮਾਰਪੁਰ ਦਿੱਲੀ-110007

VISIT :

**GURU NANAK LIBRARY**

Akali Baba Phoola Singh Marg, Rajinder Nagar,
New Delhi—110060

5000 Books on Sikh Religion & Punjabi Culture in
Punjabi, English, Hindi & Urdu
Books are issued for 15 days

**Timing** : 5 P.M. 8 P.M.

**Closing day** : Every Tuesday & 1st day of Every Month

PL-0994

Digitized by Panjab Digital Library | www.panjabdigilib.org

ਜੇ ਤੁਹਾਨੂੰ ਆਪਣਾ T.V. Set ਰੇਡੀਓ, ਟ੍ਰਾਂਜ਼ਿਸਟਰ, ਟੇਪਰੀਕਾਰਡਰ, ਵੋਲਟੇਜ ਸਟੇਬੀਲਾਈਜ਼ਰ ਆਦਿ ਦੀ ਮੁਰਮਤ ਜਾਂ ਸਰਵਿਸ ਦੀ ਲੋੜ ਹੋਵੇ ਤਾਂ ਸਾਨੂੰ ਸੇਵਾ ਦਾ ਮੌਕਾ ਬਖਸ਼ੋ। ਕੰਮ ਉਸਲੀ ਬਖਸ਼ ਤੇ ਚਾਰਜਿਜ਼ ਵਾਜਬੀ।

ਸਰਬ-ਸਾਂਝੀ ਗੁਰਬਾਣੀ' (Texla T.V.) ਦੀ ਟੇਪਾਂ ਵੀ ਸਾਥੋਂ ਮਿਲ ਸਕਦੀਆਂ ਹਨ। ਪੰਜਾਬੀ ਸੁਰੀਲੇ ਗਾਣਿਆਂ ਦੀਆਂ ਭਰੀਆਂ ਹੋਈਆਂ ਟੇਪਾਂ ਵੀ ਮਿਲਦੀਆਂ ਹਨ।

**DAVINDER SINGH THAPAR**

# EASTON ELECTRONIC

118-Kishore Market

Kingsway Camp Chowk

DELHI—110009 Phone : 225891 P.P.

ਅੰਮ੍ਰਿਤਸਰ ਵਿਚ ਟੇਪਾਂ

ਮਿਲਣ ਦਾ ਪਤਾ

# THAPAR TRADING Co.

**SHAKTI NAGAR CHOWK, AMRITSAR**

ਛਾਪਕ—ਨੈਸ਼ਨਲ ਪ੍ਰੈਸ ਆਫ਼ ਇੰਡੀਆ, ਦਿਲੀ-6

Digitized by Panjab Digital Library | www.panjabdigilib.org